# ਵੰਗਾਰ

ਇਹ ਨਾਟਕ ਭਾਰਤ ਦੀ ਜੰਗੇ-ਆਜ਼ਾਦੀ ਵਿਚ ਪੰਜਾਬੀ ਦੇਸ਼ ਭਗਤਾਂ ਦੇ ਗੌਰਵਮਈ ਇਤਿਹਾਸ ਨੂੰ ਪੇਸ਼ ਕਰਦਾ ਹੈ। 1907 ਤੋਂ 1931 ਤੱਕ ਦਾ ਇਤਿਹਾਸ ਦੌਰ ਇਸ ਦਾ ਪਿੜ ਹੈ।

ਸ: ਅਜੀਤ ਸਿੰਘ ਦੀ ਪਗੜੀ ਸੰਭਾਲ ਜੱਟਾ ਲਹਿਰ,
ਗ਼ਦਰ ਪਾਰਟੀ, ਜਲ੍ਹਿਆਂ ਵਾਲਾ ਬਾਗ,
ਬੱਬਰ ਅਕਾਲੀ, ਭਗਤ ਸਿੰਘ ਤੇ ਸਾਥੀਆਂ ਦੀ ਸ਼ਹਾਦਤ
ਇਸ ਨਾਟਕ ਦੇ ਘੇਰੇ ਵਿਚ ਆਉਂਦੇ ਹਨ।

ਕੋਰਸ : ਢੂੰਹਦੇ ਆਏ ਕਵੀਸ਼ਰ ਕਿੱਸੇ, ਲੈ ਕੇ ਰੱਬ ਦਾ ਨਾਂ।
ਕਿਸੇ ਧਿਆਏ ਰਾਮ ਤੇ ਲਛਮਣ, ਕਿਸੇ ਨੇ ਸੀਤਾ ਮਾਂ।
ਕਿਸੇ ਧਿਆਏ ਦੇਵ ਦੇਵੀਆਂ, ਕਿਸੇ ਨੇ ਪੱਕੀ ਥਾਂ।
ਗੱਲ ਆਜ਼ਾਦੀ ਦੀ ਜੇ ਕਰੀਏ, ਸ਼ਹੀਦਾਂ ਦੇ ਲਈਏ ਨਾਂ।
ਵਾਰ ਕੇ ਜਿੰਦਾਂ ਜਿਨ੍ਹਾਂ ਸੂਰਿਆਂ, ਕੀਤਾ ਦੇਸ਼ ਦਾ ਉੱਚਾ ਨਾਂ।
1909 ਸੀ ਚੜ੍ਹਿਆ ਡਾਢਾ, ਕੀਤਾ ਕਾਲ ਨੇ ਦੇਸ਼ ਤਬਾਹ।
ਅੰਨ ਦਾਤਾ ਜੋ ਧਰਤੀ ਦਾ ਸੀ, ਅੰਨ ਲਈ ਤਰਸ ਰਿਹਾ।
ਹਾਕਮ ਫਰੰਗੀ ਫਿਰੇ ਭੂਤਰਿਆ, ਦਿਤਾ ਮਾਲੀਆ ਉਸ ਵਧਾ।
ਝੋਲੀਚੁੱਕ ਤੁਰਦੇ ਅੱਗੇ ਪਿੱਛੇ, ਕਰਦੇ ਹਰਦਮ ਵਾਹ ਵਾਹ।
ਝੰਡਾ ਚੁੱਕਿਆ ਅਜੀਤ ਸਿੰਘ ਨੇ, ਆਇਆ ਢਹਿੰਦੀ ਕੌਮ 'ਚ ਸਾਹ।
ਪਗੜੀ ਸੰਭਾਲ ਜੱਟਾ ਲਾਇਆ ਨਾਅਰਾ, ਸੰਘਰਸ਼ ਦਾ ਫੜਿਆ ਰਾਹ।
ਨਾਟਕ ਅਸੀਂ ਸ਼ੁਰੂ ਕਰਾਂਗੇ, ਲੈ ਕੇ ਸਿਰਲੱਥ ਸੂਰਮਿਆਂ ਦਾ ਨਾਂ।
ਨਾਟਕ ਖ਼ਤਮ ਕਰਾਂਗੇ ਉਥੇ, ਜਿਥੇ ਭਗਤ ਸਿੰਘ ਸਣੇ ਸਾਥੀਆਂ ਫ਼ਾਂਸੀ ਦਿੱਤੇ ਚੜ੍ਹਾ।
ਪਰ ਗ਼ਦਰੀ ਬਾਬੇ ਤੇ ਬੱਬਰ ਅਕਾਲੀ, ਨਹੀਂ ਦੇਣੇ ਅਸੀਂ ਭੁਲਾ।
ਲੜੇ ਜੋ ਜੰਗ ਆਜ਼ਾਦੀ ਦੀ, ਸਿਰ ਤਲੀਆਂ ਉਤੇ ਟਿਕਾ।
ਵਾਰ ਕੇ ਜਿੰਦਾਂ ਜਿਨ੍ਹਾਂ ਸੂਰਿਆਂ, ਕੀਤਾ ਦੇਸ਼ ਦਾ ਉੱਚਾ ਨਾਂ।

(ਕੋਰਸ ਦਾ Exit ਤੇ ਦੂਜੇ ਪਾਸੇ ਤੋਂ ਗੋਰੇ ਸਾਹਿਬ ਦੀ Entry ਪਿੱਛੇ ਪਿੱਛੇ ਖ਼ਾਨ, ਸਰਦਾਰ ਅਤੇ ਸ਼ਾਹ ਤਿੰਨ ਝੋਲੀਚੁੱਕ

ਕਰੈਕਟਰ ਪਿੱਛੇ ਪਿੱਛੇ ਹਨ।)

ਗੋਰਾ : ਕਿਉਂ ਖ਼ਾਨ, ਕੈਸੇ ਚਲ ਰਹਾ ਹੈ ?

ਖ਼ਾਨ : ਬਹੁਤ ਚੰਗਾ ਚਲ ਰਿਹਾ ਹੈ ਜੀ, ਸ਼ੇਰ ਤੇ ਬੱਕਰੀ ਇਕੋ ਘਾਟ ਪਾਣੀ ਪੀਂਦੇ ਨੇ ਜੀ।

ਸਰਦਾਰ : ਅਸਲ ਵਿਚ ਸ਼ੇਰ ਰਿਹਾ ਹੀ ਕੋਈ ਨਹੀਂ, ਸਭ ਬੱਕਰੀ ਹੋ ਗਏ ਨੇ।

ਖ਼ਾਨ : ਇਹ ਥੋੜ੍ਹੀ ਗੱਲ ਏ, ਸਭ ਸ਼ੇਰ ਮੁੱਕ ਗਏ ਨੇ, ਇਹ ਸਭ ਸਾਹਬ ਬਹਾਦੁਰ ਦੀ ਦੇਣ ਏ।

ਸ਼ਾਹ : ਅੰਗਰੇਜ਼ ਜੀ ਤੁਸੀਂ ਬੜੇ ਹੀ ਚੰਗੇ ਹੋ,

ਖ਼ਾਨ : ਜਨਾਬ ਤੁਸੀਂ ਸਫ਼ਰ ਲਈ ਰੇਲਾਂ ਬਣਾਈਆਂ।

ਸਰਦਾਰ : ਲੋਕੀਂ ਆਖਦੇ ਨੇ ਕੱਚਾ ਮਾਲ ਢੋਹਣ ਲਈ ਬਣਾਈਆਂ।

ਖ਼ਾਨ : ਪਰ ਸਰਦਾਰ ਜੀ, ਸਫ਼ਰ ਤੇ ਸੌਖਾ ਹੋ ਗਿਆ, ਹੁਣ ਸ਼ਾਹ ਹੋਰਾਂ ਦੀ ਭੂਆ ਮਰ ਜਾਏ, ਮਾਸੀ ਮਰ ਜਾਏ, ਸ਼ਾਹ ਜੀ ਮੁਕਾਣੇ ਤੇ ਸੌਖਿਆਂ ਜਾ ਸਕਦੇ ਨੇ, ਇਹ ਸਭ ਸਾਹਬ ਬਹਾਦੁਰ ਦੀ ਦੇਣ ਏ।

ਸ਼ਾਹ : ਅੰਗਰੇਜ਼ ਜੀ ਤੁਸੀਂ ਬੜੇ ਹੀ ਚੰਗੇ ਹੋ।

ਖ਼ਾਨ : ਤੁਸੀਂ ਇਨਸਾਫ਼ ਲਈ ਕਚੈਹਰੀਆਂ ਬਣਾਈਆਂ, ਗਵਾਹ ਭੁਗਤਾਨ ਦੀ ਰੀਤ ਚਲਾਈ।

ਸਰਦਾਰ : ਪਰ ਲੋਕ ਕਹਿੰਦੇ ਨੇ, ਇਹ ਸਭ ਝੂਠੇ ਗਵਾਹ ਭੁਗਤਦੇ ਨੇ।

ਖ਼ਾਨ : ਪਰ ਭੁਗਤੇ ਤਾਂ ਹਨ, ਤੇ ਇਹ ਕੋਈ ਥੋੜ੍ਹੀ ਗੱਲ ਏ, ਇਹ ਸਭ ਸਾਹਬ ਬਹਾਦੁਰ ਦੀ ਦੇਣ ਏ।

ਸ਼ਾਹ : ਅੰਗਰੇਜ਼ ਜੀ ਤੁਸੀਂ ਬੜੇ ਚੰਗੇ ਹੋ।

ਖ਼ਾਨ : ਤੁਸੀਂ ਡਾਕ ਤੇ ਤਾਰ ਦਾ ਮਹਿਕਮਾ ਬਣਾਇਆ।

ਸਰਦਾਰ : ਲੋਕੀਂ ਆਖਦੇ ਨੇ ਸਰਕਾਰ ਨੇ ਆਪਣੀ ਸਹੂਲਤ ਲਈ ਬਣਾਇਆ ਤਾਂ ਜੋ ਇਕ ਥਾਂ ਦੀ ਖ਼ਬਰ ਦੂਜੇ ਥਾਂ ਮਿਲ ਜਾਏ।

ਖ਼ਾਨ : ਪਰ ਖ਼ਬਰ ਮਿਲ ਤਾਂ ਜਾਂਦੀ ਏ, ਕਿਸੇ ਦਾ ਪਿਓ ਮਰ ਜਾਏ, ਖ਼ਬਰ ਤਾਂ ਹੋ ਜਾਂਦੀ ਏ, ਤੇ ਇਹ ਕੋਈ ਥੋੜ੍ਹੀ ਗੱਲ ਏ, ਇਹ ਸਭ ਸਾਹਬ ਬਹਾਦੁਰ ਦੀ ਦੇਣ ਏ।

ਸ਼ਾਹ : ਅੰਗਰੇਜ਼ ਜੀ, ਤੁਸੀਂ ਬੜੇ ਚੰਗੇ ਹੋ।

ਖ਼ਾਨ : ਤੁਸੀਂ ਥਾਂ-ਥਾਂ 'ਤੇ ਸਕੂਲ ਖੋਲ੍ਹੇ।

ਸਰਦਾਰ : ਲੋਕੀਂ ਆਖਦੇ ਨੇ, ਸਰਕਾਰ ਨੇ ਬਾਬੂ ਬਨਾਉਣ ਲਈ ਖੋਲ੍ਹੇ ਨੇ।

ਖ਼ਾਨ : ਪਰ ਲੋਕ ਪੜ੍ਹ ਲਿਖ ਤਾਂ ਗਏ ਨੇ, ਹੁਣ ਰੁੱਕਾ ਪੜ੍ਹਾਉਣ ਲਈ ਮਸੀਤੇ ਮੌਲਵੀ ਜੀ ਕੋਲ ਤਾਂ ਨਹੀਂ ਜਾਣਾ ਪੈਂਦਾ, ਇਹ ਕੋਈ ਥੋੜ੍ਹੀ ਗੱਲ ਏ, ਇਹ ਸਭ ਸਾਹਬ ਬਹਾਦੁਰ ਦੀ ਦੇਣ ਏ।

ਸ਼ਾਹ : ਅੰਗਰੇਜ਼ ਜੀ ਤੁਸੀਂ ਬੜੇ ਹੀ ਚੰਗੇ ਹੋ।

ਖ਼ਾਨ : ਤੁਸੀਂ ਲੋਕਾਂ ਨੂੰ ਸਾਬਣ ਨਾਲ ਨਹਾਉਣਾ ਸਿਖਾਇਆ।

ਸਰਦਾਰ : ਲੋਕੀਂ ਆਖਦੇ ਨੇ ਵਲੈਤ ਦਾ ਸਾਬਣ ਵੇਚਣ ਲਈ ਪੜਪੰਚ ਰਚਾਇਆ।

ਖ਼ਾਨ : ਪਰ ਨਹਾਉਣ ਤੋਂ ਬਾਅਦ ਖੁਸ਼ਬੂਆਂ ਵੀ ਤਾਂ ਉਹੀ ਲੈਂਦੇ ਨੇ। ਇਹ ਕੋਈ ਥੋੜ੍ਹੀ ਗੱਲ ਏ, ਇਹ ਸਭ ਸਾਹਿਬ ਬਾਹਦੁਰ ਦੀ ਦੇਣ ਏ।

ਸ਼ਾਹ : ਅੰਗਰੇਜ਼ ਜੀ, ਤੁਸੀਂ ਬੜੇ ਹੀ ਚੰਗੇ ਹੋ।

ਖ਼ਾਨ : ਤੁਸੀਂ ਦੰਦ ਸਾਫ਼ ਕਰਨ ਲਈ ਬੁਰਸ਼ ਲਿਆਏ।

ਸਰਦਾਰ : ਲੋਕੀਂ ਆਖਦੇ ਨੇ, ਵਲੈਤੀ ਚੀਜ਼ਾਂ ਦਾ ਨਫ਼ਾ ਵਧਾਇਆ ਏ।

ਖ਼ਾਨ : ਪਰ ਲੋਕੀਂ ਹੁਣ ਸਵੇਰੇ ਸਵੇਰ ਕਿੱਕਰ ਚੱਬਣ ਤੋਂ ਤਾਂ ਬਚ ਗਏ, ਇਹ ਕੋਈ ਥੋੜ੍ਹੀ ਗੱਲ ਏ, ਤੇ ਇਹ ਸਭ ਸਾਹਬ ਬਹਾਦੁਰ ਦੀ ਦੇਣ ਏ।

ਸ਼ਾਹ : ਅੰਗਰੇਜ਼ ਜੀ, ਤੁਸੀਂ ਬੜੇ ਚੰਗੇ ਹੋ।

ਖ਼ਾਨ : ਗ਼ਰੀਬ ਤੁਹਾਡਾ ਬੜਾ ਗੁਣ ਗਾਉਂਦੇ ਨੇ।

ਸਰਦਾਰ : ਭੁੱਖੇ ਜੰਮਦੇ ਨੇ, ਤੇ ਭੁੱਖੇ ਮਰਦੇ ਨੇ।

ਖ਼ਾਨ : ਪਰ ਜੰਮਦੇ ਮਰਦੇ ਤੇ ਹਿਸਾਬ ਨਾਲ ਨੇ ਜੰਮਣ ਵੇਲੇ ਵੀ ਰਜਿਸਟਰ ਵਿਚ ਨਾਂ ਦਾਖਲ ਹੁੰਦਾ ਹੈ ਤੇ ਮਰਨ ਵੇਲੇ ਵੀ, ਇਹ ਥੋੜ੍ਹੀ ਗੱਲ ਏ ਤੇ ਇਹ ਸਭ ਸਾਹਬ ਬਹਾਦੁਰ ਦੀ ਦੇਣ ਏ।

ਸ਼ਾਹ : ਅੰਗਰੇਜ਼ ਜੀ, ਤੁਸੀਂ ਬੜੇ ਚੰਗੇ ਹੋ।

ਸਰਦਾਰ : ਪਰ ਅਸੀਂ ਕੌਣ ਹਾਂ।

ਖ਼ਾਨ : ਮੁਗਲਾਂ ਦੇ ਦਰਬਾਰ ਵਿਚ ਦਰਬਾਰੀ, ਸਰਕਾਰ ਦੇ ਦਰਬਾਰ ਵਿਚ ਸਰਕਾਰੀ, ਜਦੋਂ ਇਸ ਤੋਂ ਅਗਲਾ ਰਾਜ ਆਵੇਗਾ ਬਣ ਜਾਵਾਂਗੇ ਨਾਚਾਰੀ।

ਸਰਦਾਰ : ਨਾਚਾਰੀ ?

ਸ਼ਾਹ : ਹਾਂ, ਰਾਜ ਕਰਨ ਵਾਲਿਆਂ ਦੇ ਇਸ਼ਾਰੇ 'ਤੇ ਨੱਚਣ ਵਾਲੇ।

(ਇਕ ਲੋਅ ਵਿਚ ਨਾਚ ਮੁਦਰਾ ਵਿਚ ਅੱਗੇ ਵਧਦੇ ਹਨ।)

ਇਕੱਠੇ : (ਝੁਕ ਕੇ) ਅੰਗਰੇਜ਼ ਜੀ, ਤੁਸੀਂ ਬੜੇ ਹੀ ਚੰਗੇ ਹੋ।

(ਇਕ ਕਿਸਾਨ ਦੀ Entry)

ਕਿਸਾਨ : ਮੈਂ ਮਾਰਿਆ ਗਿਆ, ਮੇਰੇ 'ਤੇ ਤਰਸ ਕਰੋ।

ਅੰਗਰੇਜ਼ : ਕਿਉਂ ਮਾਰਿਆ ਗਿਆ ?

ਕਿਸਾਨ : ਫ਼ਸਲ ਨਹੀਂ ਹੋਈ, ਮੈਂ ਮਾਲੀਆ ਨਹੀਂ ਦੇ ਸਕਦਾ।

ਅੰਗਰੇਜ਼ : ਮਾਲੀਆ ਨਹੀਂ ਦੋਗੇ ਤੋ ਸਰਕਾਰ ਕੈਸੇ ਚਲੇਗੀ ?

ਕਿਸਾਨ : ਮੈਂ ਅਗਲੇ ਸਾਲ ਦੇ ਦੇਵਾਂਗਾ, ਤੁਸੀਂ ਸਿਪਾਹੀਆਂ ਨੂੰ ਕਵੋ, ਮੇਰੀ

ਕੁਰਕੀ ਨਾ ਕਰਨ।

ਅੰਗਰੇਜ਼ : ਅਗਰ ਕੁਰਕੀ ਕਾ ਡਰ ਨਾ ਹੋ ਤੋ ਕੋਈ ਭੀ ਕਿਸਾਨ ਮਾਲੀਆ ਨਾ ਦੇ।

ਕਿਸਾਨ : ਮੈਂ ਦੇ ਦੇਵਾਂਗਾ, ਤੁਸੀਂ ਸਖ਼ਤੀ ਨਾ ਕਰੋ।

ਅੰਗਰੇਜ਼ : No, No, ਸਖ਼ਤੀ ਕੇ ਬਿਨਾਂ ਕੋਈ ਸਰਕਾਰ ਨਹੀਂ ਚਲ ਸਕਤਾ।

ਕਿਸਾਨ : ਪਰ ਸਰਕਾਰ ਨੂੰ ਆਪਣੀ ਪਰਜਾ ਦਾ ਖ਼ਿਆਲ ਚਾਹੀਦਾ ਏ।

ਅੰਗਰੇਜ਼ : ਔਰ ਪਰਜਾ ਕੋ ਸਰਕਾਰ ਦਾ ਖ਼ਿਆਲ ਚਾਹੀਏ।

ਕਿਸਾਨ : ਮੈਂ ਤੁਹਾਡੇ ਪੈਰਾਂ 'ਤੇ ਪੱਗ ਰਖਦਾ ਹਾਂ (ਪੱਗ ਰਖਦਾ ਹੈ)

ਅੰਗਰੇਜ਼ : (ਪਗੜੀ ਜ਼ਮੀਨ ਤੋਂ ਚੁਕਦੇ ਹੋਏ) ਹਮ ਪਗੜੀ ਕੋ ਕਿਆ ਕਰੇਂ। ਹਮ ਪਗੜੀ ਨਹੀਂ ਬਾਂਧਤੇ। ਹਾਂ Future ਮੇਂ ਕੋਈ ਐਸਾ ਰਾਜ ਆ ਸਕਤਾ ਹੈ, ਜਿਸ ਕੋ ਰਾਜ ਕੇ ਲੀਏ ਵੋਟੋਂ ਕੀ ਜ਼ਰੂਰਤ ਹੋਗਾ। ਵੋਹ ਪੰਜਾਬ ਮੇਂ ਜਾਏਗਾ ਤੋਂ ਪੰਜਾਬ ਕੀ ਪਗੜੀ ਬਾਂਧੇਗਾ, ਰਾਜਸਥਾਨ ਜਾਏਗਾ ਤੋਂ ਰਾਜਸਥਾਨੀ ਪਗੜੀ ਬਾਂਧੇਗਾ ਔਰ ਸਾਊਥ ਮੇਂ ਜਾਏਗਾ ਤੋਂ ਵਹਾਂ ਕੀ ਪਗੜੀ ਬਾਂਧੇਗਾ।

*(Exit ਅੰਗਰੇਜ਼ ਦੀ, ਪਿੱਛੇ-ਪਿੱਛੇ ਝੋਲੀਚੁਕ ਅਤੇ ਕਿਸਾਨ ਵੀ ਪਗੜੀ ਵੱਲ ਲਾਚਾਰੀ ਨਾਲ ਦੇਖਦਾ ਬਾਹਰ ਜਾਂਦਾ ਹੈ।)*

ਕੋਰਸ :

ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ।
ਲੁੱਟ ਲਿਆ ਮਾਲੇ ਤੇਰਾ, ਹਾਲ ਬੇਹਾਲ ਓਏ।
ਤਾਰਿਆਂ ਦੀ ਲੋਏ, ਉਠਦਾ ਏ ਤੂੰ।
ਮਿੱਟੀ ਵਿਚ ਮਿੱਟੀ, ਹੁੰਦਾ ਏ ਤੂੰ।
ਬੀਤੇ ਕੀ, ਨਾ ਪੁੱਛਦਾ ਤੇਰਾ ਕੋਈ ਹਾਲ ਉਏ।
ਪਗੜੀ ਸੰਭਾਲ ਜੱਟਾ...
ਤੇਰੀ ਕਿਰਤ ਲੁੱਟੀ ਜਾਂਦੇ ਇਕੱਠੇ ਹੋ ਹੋ ਲੁਟੇਰੇ।
ਕਣਕ ਤੇਰੀ ਲੁੱਟ ਲਿਜਾਣੀ, ਤੂੜੀ ਪਾਣੀ ਪੱਲੇ ਤੇਰੇ।
ਹੁੰਦੀ ਕਿਉਂ ਏ ਜੱਗੋਂ ਬਾਹਰੀ, ਪੁੱਛ ਇਹ ਸਵਾਲ ਉਏ।
ਪਗੜੀ ਸੰਭਾਲ ਜੱਟਾ...

*(ਕੋਰਸ ਬਾਹਰ ਚਲਾ ਜਾਂਦਾ ਹੈ।)*

ਸੂਤਰਧਾਰ : ਪਰ ਇਹ ਪਗੜੀ ਸੰਭਾਲ ਨਾ ਹੋਈ, ਤੇ ਕਿਸਾਨਾਂ ਦੇ ਪੁੱਤ ਦੂਰ ਦੀ ਆਵਾਜ਼ : ਪਰਦੇਸਾਂ ਵਿਚ ਰੋਜੀ ਕਮਾਉਣ ਲਈ ਜਾਣ 'ਤੇ ਮਜਬੂਰ ਹੋਏ।

*(ਚਾਰ ਹਿੰਦੁਸਤਾਨੀ ਨਾਚ ਦੀ ਮੁਦਰਾ ਵਿਚ ਬਹੁਤ ਸਖ਼ਤ ਮਿਹਨਤ ਕਰਦੇ ਹੋਏ ਮੰਚ 'ਤੇ ਆਉਂਦੇ ਹਨ ਤੇ ਪਿੱਠ ਭੂਮੀ 'ਤੇ*

*ਗੀਤ ਚਲਦਾ ਹੈ)*

ਕੋਰਸ : (ਪਿੱਠ ਭੂਮੀ 'ਤੇ) ਪੁੱਜੇ ਪੁੱਤ ਪੰਜਾਬ ਦੇ ਵਿਚ ਪ੍ਰਦੇਸਾਂ,
ਹੋਏ ਖਵਾਰ ਤੇ ਬਹੁਤੇ ਮਜਬੂਰ ਲੋਕੋ।
ਜਿਹੜੇ ਅਖਵਾਉਂਦੇ ਸਨ ਸਰਦਾਰ ਵੱਡੇ,
ਕਾਲੇ ਕੁੱਲੀ ਹੋਏ ਮਸ਼ਹੂਰ ਲੋਕੋ।
ਮਾਂਜਣ ਜੂਠੇ ਭਾਂਡੇ ਹੋਟਲਾਂ ਵਿਚ, ਭਾਰ ਢੋਵਣ ਲਈ ਉਹ ਮਜਦੂਰ ਲੋਕੋ।
ਚਿੱਟੇ ਟਾਂਚਾਂ ਉਨ੍ਹਾਂ ਨੂੰ ਮਾਰਦੇ ਨੇ,
ਕੁੱਤੇ ਆਖ ਕੇ ਰਖਦੇ ਹੋਟਲਾਂ ਤੋਂ ਦੂਰ ਲੋਕੋ।
ਰਹਿੰਦੇ ਬਾਰਾਂ ਬਾਰਾਂ ਤੂੜੇ ਇਕੋ ਕਮਰੇ ਦੇ,
ਨਹੀਂ ਬੰਦੇ ਜਿਵੇਂ ਉਹ ਸੂਰ ਲੋਕੋ।
ਪਿੱਠਾ ਹੋਈਆਂ ਦੂਹਰੀਆਂ,
ਸਰੀਰ ਓਵਰ ਟਾਈਮਾਂ ਨੇ ਕੀਤਾ ਚੂਰ ਲੋਕੋ।
ਤਰਸਣ ਘਰਾਂ ਦੀਆਂ ਹਵਾਵਾਂ ਨੂੰ,
ਸੀ ਹੋਣੀ ਨੂੰ ਇਹ ਮਨਜ਼ੂਰ ਲੋਕੋ।
ਜੀਂਦੇ ਜੀ, ਉਹ ਹੋਏ ਮਰਨ ਜੋਗੇ,
ਬੈਠੇ ਵਤਨਾਂ ਤੋਂ ਦੂਰ ਲੋਕੋ।

*(ਗੀਤ ਖ਼ਤਮ ਹੋਣ 'ਤੇ ਚਾਰੇ ਇਕ ਗਰੁੱਪ ਵਿਚ ਬੈਠ ਜਾਂਦੇ ਹਨ।)*

ਇਕ : ਸਾਡਾ ਜੀਣਾ ਵੀ ਕੋਈ ਜੀਣਾ ਏ ?

ਦੋ : ਘਰ ਸੜੇ ਸਰਦਾਰ ਅਖਵਾਉਂਦੇ ਸਾਂ, ਇਥੇ ਕਾਲੇ ਕੁੱਲੀ ਆਖ ਕੇ ਅਗਲੇ ਬੁਲਾਉਂਦੇ ਨੇ।

ਤਿੰਨ : ਇਸ ਤੋਂ ਵੱਡੀ ਹੋਰ ਕੀ ਬੇਇੱਜ਼ਤੀ ਹੋ ਸਕਦੀ ਏ ਕਿ ਹੋਟਲਾਂ ਵਿਚ ਲਿਖਿਆ ਹੋਵੇ, ਕੁੱਤੇ ਤੇ ਹਿੰਦੋਸਤਾਨੀ ਹੋਟਲਾਂ ਵਿਚ ਨਹੀਂ ਆ ਸਕਦੇ।

ਚਾਰ : ਜੇ ਅਸੀਂ ਆਜ਼ਾਦ ਦੇਸ਼ ਦੇ ਬੰਦੇ ਹੁੰਦੇ ਤਾਂ ਸਾਨੂੰ ਇਸ ਤਰ੍ਹਾਂ ਜ਼ਲੀਲ ਨਾ ਹੋਣਾ ਪੈਂਦਾ।

ਇਕ : ਲੋਕ ਮਿਹਣੇ ਦੇਂਦੇ ਨੇ, ਕੌਮਾਂ ਦੇ ਝੰਡਿਆਂ ਵਿਚੋਂ ਸਾਡਾ ਕੋਈ ਝੰਡਾ ਨਹੀਂ।

ਤਿੰਨ : ਮਿਹਣੇ ਦੇਂਦੇ ਨੇ, ਕੌਮਾਂ ਦੇ ਝੰਡਿਆਂ ਵਿਚੋਂ ਸਾਡਾ ਕੋਈ ਝੰਡਾ ਨਹੀਂ।

ਤਿੰਨ : ਸਾਰੀਆਂ ਕੌਮਾਂ ਦੇ ਨਕਸ਼ਿਆਂ ਵਿਚ ਆਪਣੇ ਆਪਣੇ ਰੰਗ ਨੇ, ਸਾਡਾ ਰੰਗ ਹੀ ਕੋਈ ਨਹੀਂ।

ਚਾਰ : ਏਸ ਜੀਣ ਨਾਲੋਂ ਧਰਤੀ ਵਿਹਲ ਦੇਵੇ, ਗਰਕ ਹੋ ਜਾਈਏ।

ਇਕ : ਅਸਮਾਨੋਂ ਬਿਜਲੀ ਡਿੱਗੇ, ਇਹ ਜ਼ਲੀਲ ਜ਼ਿੰਦਗੀ ਖ਼ਤਮ ਹੋ ਜਾਏ।

ਦੋ : ਢਾਈ ਟੋਟਰੂ ਅੰਗਰੇਜ਼ ਸਾਡੀ ਧਰਤੀ ਸਾਂਭੀ ਬੈਠੇ ਨੇ।

ਤਿੰਨ : ਉਹ ਅੱਗ ਲੈਣ ਆਏ ਤੇ ਘਰ ਵਾਲੇ ਬਣ ਗਏ।

ਚਾਰ : ਤੇ ਅਸੀਂ ਘਰੋਂ ਬੇਘਰ ਹੋ ਕੇ ਇਥੇ ਪ੍ਰਦੇਸਾਂ ਵਿਚ ਰੁਲਦੇ ਪਏ ਹਾਂ।

ਇਕ : ਜ਼ੁਲਮ ਦੀ ਸਿਖ਼ਰ ਹੋ ਗਈ ਏ, ਅਸੀਂ ਏਥੇ ਕਮਾਈਆਂ ਦੇ ਲਾਲਚ ਵਿਚ ਪਏ ਹਾਂ।

ਦੋ : ਜੀ ਕਰਦਾ ਏ ਉੱਡ ਕੇ ਵਤਨ ਪੁੱਜੀਏ ਤੇ ਉਥੇ ਆਜ਼ਾਦੀ ਦੀ ਲੜਾਈ ਸ਼ੁਰੂ ਕਰੀਏ।

ਤਿੰਨ : ਉਥੇ ਲੜਾਈ ਸ਼ੁਰੂ ਕੀ ਕਰਨੀ ਏ, ਉਥੇ ਤਾਂ ਲੋਕ ਆਪਸ ਵਿਚ ਲੜ ਲੜ ਪਏ ਮਰਦੇ ਨੇ, ਗੋਰੇ ਵੱਲ ਕੋਈ ਧਿਆਨ ਨਹੀਂ ਦੇਂਦਾ।

ਚਾਰ : ਇਹ ਵੀ ਤਾਂ ਅੰਗਰੇਜ਼ਾਂ ਦੀ ਚਾਲ ਏ, ਪਾੜੋ ਤੇ ਰਾਜ ਕਰੋ।

ਇਕ : ਹਾਕਮਾਂ ਨੇ ਤਾਂ ਇਹੋ ਚਾਲਾਂ ਚਲਣੀਆਂ ਨੇ, ਇਹ ਤਾਂ ਸਾਡੇ ਲੋਕਾਂ ਨੂੰ ਆਪ ਅਕਲ ਹੋਣੀ ਚਾਹੀਦੀ ਹੈ।

ਦੋ : ਮੈਂ ਸੁਣਿਐਂ ਸਾਡੇ ਕੁਝ ਲੋਕਾਂ ਨੇ ਸਾਨਫ਼ਰਾਂਸਿਸਕੋ ਇਕ ਗ਼ਦਰ ਪਾਰਟੀ ਬਣਾਈ ਏ, ਜਿਨ੍ਹਾਂ ਦਾ ਨਿਸ਼ਾਨਾ ਦੇਸ਼ ਨੂੰ ਆਜ਼ਾਦ ਕਰਵਾਉਣਾ ਏ।

ਤਿੰਨ : (ਘੜੀ ਵੱਲ ਵੇਖ ਕੇ) ਹੁਣ ਵਕਤ ਕੀ ਏ ?

ਚਾਰ : ਕਿਉਂ ਕੀ ਗੱਲ ਏ ?

ਤਿੰਨ : ਅੱਜ ਕਮਿਊਨਿਟੀ ਹਾਲ ਵਿਚ ਗ਼ਦਰ ਪਾਰਟੀ ਵੱਲੋਂ ਇਕ ਜਲਸਾ ਏ ਤੇ ਕਹਿੰਦੇ ਨੇ ਕੋਈ ਡਰਾਮਾ ਵੀ ਹੋਣਾ ਏ।

ਦੋ : ਫੇਰ ਤਾਂ ਸਾਨੂੰ ਸਾਰਿਆਂ ਨੂੰ ਜਾਣਾ ਚਾਹੀਦਾ ਏ।

*(ਸਾਰੇ ਉਠ ਕੇ ਇਕ ਪਾਸੇ ਚਲੇ ਜਾਂਦੇ ਹਨ। ਦੂਜੇ ਪਾਸੇ ਤੋਂ ਨਾਅਰੇ ਲਗਦੇ ਹਨ– ਤੇ ਸਟੇਜ 'ਤੇ ਇਕ ਪਾਤਰ ਆਉਂਦਾ ਹੈ।)*

ਗਦਰ ਪਾਰਟੀ– ਜ਼ਿੰਦਾਬਾਦ
ਅਸੀਂ ਕੀ ਚਾਹੁੰਦੇ ਹਾਂ– ਪੂਰਨ ਸਵਰਾਜ
ਸਾਡਾ ਤਨ– ਗ਼ਦਰ ਲਈ
ਸਾਡਾ ਮਨ– ਗ਼ਦਰ ਲਈ
ਸਾਡਾ ਧੰਨ– ਗ਼ਦਰ ਲਈ।

ਸਟੇਜ ਸੈਕਟਰੀ : ਸਾਥੀਓ, ਹੁਣ ਅਸੀਂ ਤੁਹਾਡੇ ਸਾਹਮਣੇ ਇਕ ਛੋਟਾ ਜਿਹਾ ਨਾਟਕ ਪੇਸ਼ ਕਰਾਂਗੇ, ਜੋ ਅਸਲ ਵਿਚ ਇਕ ਗ਼ੁਲਾਮ ਜ਼ਹਿਨੀਅਤ ਵਾਲੇ ਝੋਲੀਚੁੱਕ ਅਤੇ ਇਕ ਗ਼ਦਰੀ ਦੀ ਗੱਲਬਾਤ ਹੈ।

*(ਸੰਗੀਤ ਦੀ ਲੈਅ ਵਿਚ ਦੋ ਪਾਤਰ ਮੰਚ 'ਤੇ ਆਉਂਦੇ ਹਨ।)*

ਗ਼ੁਲਾਮ : (ਜੋ ਟਾਈ ਸੂਟ ਵਿਚ ਹੈ) ਬਾਲਕਾਂ ਦਾ ਝੁੰਡ ਐਵੇਂ ਕੱਠਾ ਹੋ ਗਿਆ।
ਰਾਜ ਦਾ ਚਲੌਣਾ ਜਿਵੇਂ ਠੱਠਾ ਹੋ ਗਿਆ,
ਰਾਜਨੀਤੀ ਵਿਦਿਆ ਤੁਸੀਂ ਨਾ ਜਾਣਦੇ।
ਦਾਅ ਸੋਚ ਸਕਦੇ ਨਾ ਲਾਭ ਹਾਣਦੇ।
ਦੱਸੋ ਕਿਵੇਂ ਪਿੰਗਲਾ ਪਹਾੜ ਚੜ੍ਹੇਗਾ।
ਰਾਜ ਅੰਗਰੇਜ਼ਾਂ ਪਿੱਛੋਂ ਕੌਣ ਕਰੇਗਾ ?

ਗ਼ਦਰੀ : ਬਾਲਕਾਂ ਦਾ ਝੁੰਡ ਨਹੀਂ, ਜੋ ਕੱਠਾ ਹੋ ਗਿਆ।
(ਪਜਾਮਾ ਕਮੀਜ਼ 'ਚ) : ਰਾਜ ਦਾ ਚਲੌਣਾ ਨਾਹੀ ਠੱਠਾ ਹੋ ਗਿਆ।
ਕਿਹੜੀ ਰਾਜਨੀਤੀ ਜੋ ਅਸੀਂ ਨਾ ਜਾਣਦੇ।
ਕਿਹੜਾ ਲਾਭ ਹਾਣ, ਜਿਹਨੂੰ ਨਹੀਂ ਪਛਾਣਦੇ।
ਕਰਕੇ ਹਿੰਮਤ ਹਰ ਪਹਾੜ ਚੜ੍ਹਾਂਗੇ।
ਰਾਜ ਅੰਗਰੇਜ਼ਾਂ ਪਿੱਛੋਂ ਆਪ ਕਰਾਂਗੇ।

ਗ਼ੁਲਾਮ : ਹਿੰਦੂ ਮੁਸਲਮਾਨਾਂ ਦਿਲੋਂ ਖੋਟ ਹੋ ਗਈ।
ਖੇਰੂੰ ਖੇਰੂੰ ਕੌਮ ਪੈਂਤੀਕੋਟ ਹੋ ਗਈ।
ਮਜ਼੍ਹਬੀ ਬਖੇੜੇ ਨਾ ਨਬੇੜੇ ਜਾਣਗੇ
ਇਕ ਦੂਜੇ ਉਤੇ ਸਾਰੇ ਖੇਹ ਉਡਾਣਗੇ।
ਬਾਝੋਂ ਇਤਫ਼ਾਕ ਕੰਮ ਕੀਕੂੰ ਸਰੇਗਾ।
ਰਾਜ ਅੰਗਰੇਜ਼ਾਂ ਪਿੱਛੋਂ ਕੌਣ ਕਰੇਗਾ।

ਗ਼ਦਰੀ : ਕੌਮ ਸਾਡੀ ਗੋਰੇ ਪਾਜੀਆਂ ਨੇ ਪਾੜੀ ਹੈ।
ਕਲਾ ਰਾਜ ਕਾਜ ਦੀ ਇਨ੍ਹਾਂ ਵਿਗਾੜੀ ਹੈ।
ਹਿੰਦੂ ਮਸਲਮਾਨਾਂ ਦਾ ਸਵਾਲ ਛੇੜਿਆ।
ਭਾਈ ਨਾਲੋਂ ਭਾਈ ਇਨ੍ਹਾਂ ਹੀ ਵਿਛੋੜਿਆ।
ਗ਼ੁਲਾਮੀ ਦੀ ਜ਼ਿੰਦਗੀ ਹੁਣ ਨਾ ਜਰਾਂਗੇ।
ਰਾਜ ਅੰਗਰੇਜ਼ਾਂ ਪਿੱਛੋਂ ਆਪ ਕਰਾਂਗੇ।

ਗ਼ੁਲਾਮ : ਵਿਦਿਆ ਵਿਚਾਰੀ ਤੁਸੀਂ ਨਾ ਸਿੱਖੇ ਹੋ।
ਸੌ ਵਿਚੋਂ ਬਾਨਵੇ ਨਾ ਪੜ੍ਹੇ ਲਿਖੇ ਹੋ।
ਚੱਜ ਨਾ ਆਚਾਰ ਤੁਹਾਨੂੰ ਕਾਈ ਹੈ।
ਐਵੇਂ ਰਾਜ ਕਾਜ ਦੀ ਦੁਹਾਈ ਪਾਈ ਹੈ।
ਰਾਜ ਵਾਲਾ ਤਾਜ ਸਿਰ ਕੌਣ ਧਰੇਗਾ।
ਰਾਜ ਅੰਗਰੇਜ਼ਾਂ ਪਿੱਛੋਂ ਕੌਣ ਕਰੇਗਾ।

ਗ਼ਦਰੀ : ਵਿਦਿਆ ਗਿਆਨ ਅੰਗਰੇਜ਼ਾਂ ਰੋਕਿਆ।
ਕਿੱਲ ਅਨਪੜ੍ਹਤਾ ਦਾ ਸਾਡੇ ਸਿਰ ਠੋਕਿਆ।

ਚੱਜ ਤੇ ਆਚਾਰ ਸਾਨੂੰ ਸਾਰੇ ਨੇ।
ਬਗ਼ਾਵਤ ਦੇ ਨਾਅਰੇ ਇਸੇ ਲਈ ਮਾਰੇ ਨੇ।
ਏਕਤਾ, ਬਰਾਬਰੀ ਅਸੂਲ ਕਰਾਂਗੇ।
ਰਾਜ ਅੰਗਰੇਜ਼ਾਂ ਪਿੱਛੋਂ ਆਪ ਕਰਾਂਗੇ।

ਗ਼ੁਲਾਮ : ਕਪੜਾ ਨਾ ਬੂਟ ਪੈਰੀਂ ਪਾਉਣਾ ਆਂਵਦਾ,
ਛੁਰੀ ਕਾਂਟੇ ਨਾਲ ਨਹੀਂ ਖਾਣਾ ਆਂਵਦਾ।
ਓਹੋ ਪਈਆਂ ਪੀੜ੍ਹੀਆਂ ਓਹੋ ਮਧਾਣੀਆਂ।
ਚਰਖੀਆਂ ਤੇ ਮੋਹਲੇ ਉਖਲੀਆਂ ਪੁਰਾਣੀਆਂ।
ਕਹੀ ਇਕ ਗਲ, ਦੂਜਾ ਕੀਕੂੰ ਜਰੇਗਾ।
ਰਾਜ ਅੰਗਰੇਜ਼ਾਂ ਪਿੱਛੋਂ ਕੌਣ ਕਰੇਗਾ।

ਗ਼ਦਰੀ : ਖਾਣ, ਪੀਣ, ਪੈਹਨਣਾ ਕੀ ਵੱਡੀ ਬਾਤ ਹੈ।
ਸੂਟ ਬੂਟ ਪੌਣਾ ਕਿਹੜੀ ਕਰਾਮਾਤ ਹੈ।
ਰਸਮੋ ਰਵਾਜ਼ ਸਾਡਾ ਨਹੀਂ ਧਾਰਿਆ।
ਜਦੋਂ ਦਾ ਫਰੰਗੀਆਂ ਮੁਲਕ ਮਾਰਿਆ।
ਕੱਢ ਕੇ ਬਿਗਾਨੇ ਘਰ ਵਿਚ ਆਪ ਵੜਾਂਗੇ।
ਰਾਜ ਅੰਗਰੇਜ਼ਾਂ ਪਿੱਛੋਂ ਆਪ ਕਰਾਂਗੇ।

*(ਦੋਨੋਂ ਪਾਤਰ ਮੰਚ ਤੋਂ ਬਾਹਰ ਜਾਂਦੇ ਹਨ। ਸਟੇਜ ਸੈਕਟਰੀ ਆਉਂਦਾ ਹੈ।)*

ਸਟੇਜ ਸੈਕਟਰੀ : ਤੁਸੀਂ ਇਕ ਨਿੱਕਾ ਜਿਹਾ ਨਾਟਕ ਦੇਖਿਆ ਹੈ। ਜਿਨ੍ਹਾਂ ਦਿਲਾਂ ਵਿਚ ਗ਼ਦਰ ਦੀ ਰੂਹ ਫੂਕੀ ਜਾਂਦੀ ਹੈ, ਉਹ ਪਹਾੜਾਂ ਵਰਗੀਆਂ ਮੁਸ਼ਕਲਾਂ ਨੂੰ ਪਾਰ ਕਰ ਜਾਂਦੇ ਹਨ। ਅੰਗਰੇਜ਼ ਨੇ ਸਾਡੇ ਲੋਕਾਂ ਨੂੰ ਗੁਲਾਮ ਰੱਖਣ ਲਈ ਕਈ ਚਾਲਾਂ ਚਲੀਆਂ ਨੇ, ਉਹਨੇ ਹੀ ਹਿੰਦੂ ਮੁਸਲਮਾਨਾਂ ਅਤੇ ਸਿੱਖਾ ਦਰਮਿਆਨ ਨਫ਼ਰਤ ਦੇ ਬੀਜ ਬੀਜੇ ਨੇ। ਅਸੀਂ ਉਨ੍ਹਾਂ ਦੀਆਂ ਚਾਲਾਂ ਨੂੰ ਨੰਗਿਆ ਕਰਨਾ ਹੈ। ਅਸੀਂ ਗ਼ਦਰ ਦਾ ਸੁਨੇਹਾ ਲੈ ਕੇ ਦੇਸ਼ ਪਰਤਾਂਗੇ ਤੇ ਗ਼ਦਰ ਦਾ ਸੁਨੇਹਾ ਘਰ ਘਰ ਪੁਚਾਵਾਂਗੇ ਤੇ ਇਹ ਸੁਨੇਹਾ ਹੈ, ਪੂਰਨ ਸਵਰਜ, ਮੁਕੰਮਲ ਆਜ਼ਾਦੀ। ਸਾਡਾ ਦੇਸ਼ ਆਜ਼ਾਦ ਹੋਵੇਗਾ ਤਾਂ ਹੀ ਪ੍ਰਦੇਸ਼ਾਂ ਵਿਚ ਸਾਡੀ ਕੋਈ ਇੱਜ਼ਤ ਬਣ ਸਕਦੀ ਹੈ। ਨਹੀਂ ਤਾਂ ਸਾਡਾ ਦਰਜਾ ਕੁੱਤਿਆਂ ਦੇ ਬਰਾਬਰ ਦਾ ਹੀ ਰਹੇਗਾ।

ਨਾਅਰੇ : ਗ਼ਦਰ ਪਾਰਟੀ– ਜ਼ਿੰਦਾਬਾਦ
ਸਾਡਾ ਤਨ– ਗ਼ਦਰ ਲਈ
ਸਾਡਾ ਧਨ– ਗ਼ਦਰ ਲਈ

ਸਾਡਾ ਮਨ– ਗ਼ਦਰ ਲਈ

*(ਸਟੇਜ ਸੈਕਟਰੀ ਬਾਹਰ ਜਾਂਦਾ ਹੈ।)*

ਸੂਤਰਧਾਰ : (ਪਿੱਠ ਭੂਮੀ ਤੋਂ) ਗ਼ਦਰੀ ਸੂਰਮੇ ਗ਼ਦਰ ਦਾ ਸੁਨੇਹਾ ਲੈ ਕੇ ਜਦੋਂ ਭਾਰਤ ਪੁੱਜਦੇ ਹਨ ਤੇ ਇਥੇ ਆ ਕੇ ਉਹ ਦੇਖਦੇ ਹਨ ਕਿ ਇਥੇ ਹਿੰਦੁਸਤਾਨੀਆਂ ਦੀ ਥਾਂ ਹਿੰਦੂ, ਸਿੱਖ, ਮੁਸਲਮਾਨ ਵਸਦੇ ਹਨ, ਜੋ ਆਪਸ ਵਿਚ ਖਹਿੰਦੇ ਹਨ।

ਹਿੰਦੂ : (ਮੰਚ 'ਤੇ ਆ ਕੇ)

ਮੈਂ ਹਾਂ ਹਿੰਦੂ, ਭਾਰਤੀ ਸੰਸਕ੍ਰਿਤੀ ਦਾ ਬਿੰਦੂ,
ਰਾਮ ਤੇ ਸੀਤਾ ਦੀ ਸੰਤਾਨ, ਹਰ ਹਰ ਮਹਾਂਦੇਵ ਮੇਰਾ ਅਖਾਣ।
ਇਹ ਮੁਸਲਮਾਨ-ਮਲੀਨ, ਲਹੂ ਗਊ ਮਾਤਾ ਦਾ ਪੀਣ।
ਇਹ ਨਾ ਜਾਨਣ ਮੇਰੀ ਸ਼ਾਨ
ਮੈਂ ਹਾਂ ਹਿੰਦੂ ਭਾਰਤੀ ਸੰਸਕ੍ਰਿਤੀ ਦਾ ਬਿੰਦੂ।

ਮੁਸਲਮਾਨ :

ਮੈਂ ਹਾਂ ਮੁਸਲਮਾਨ, ਮੁਗ਼ਲਾਂ ਦੀ ਸੰਤਾਨ।
ਨਾਅਰਾ-ਏ-ਤਕਬੀਰ ਹੈ ਮੇਰਾ ਅਖਾਣ।
ਲਾਲ ਕਿਲ੍ਹਾ, ਜਾਮਾ ਮਸਜਿਦ, ਤਾਜ ਮਹਿਲ।
ਮੇਰੀ ਹਿੰਦ ਨੂੰ ਦੇਣ ਮਹਾਨ।
ਇਹ ਹਿੰਦੂ, ਦਾਲ ਪੀਣੇ, ਖੀਰ ਖਾਣੇ,
ਇਹ ਕੀ ਜਾਨਣ ਮੇਰੀ ਸ਼ਾਨ।
ਮੈਂ ਹਾਂ ਮੁਸਲਮਾਨ, ਮੁਗ਼ਲਾਂ ਦੀ ਸੰਤਾਨ।

ਸਿੱਖ :

ਮੈਂ ਹਾਂ ਖ਼ਾਲਸਾ, ਗੁਰੂਆਂ ਦੀ ਸੰਤਾਨ।
ਅੰਗਰੇਜ਼ ਨੇ ਮੇਰੀ ਰੱਗ ਪਛਾਣੀ, ਦਿੱਤਾ ਮਾਰਸ਼ਲ ਕੌਮ ਵਰਦਾਨ
ਹਲਾਲ ਵਿਚ ਯਕੀਨ ਨਾ ਰੱਖਦਾ, ਕਰਦਾ ਝੱਟਕੇ ਨਾਲ ਝਟਕਾਨ।
ਮੈਂ ਹਾਂ ਖ਼ਾਲਸਾ, ਗੁਰੂਆਂ ਦੀ ਸੰਤਾਨ।
ਸਤਿ ਸ੍ਰੀ ਅਕਾਲ ਮੇਰਾ ਅਖਾਣ।

*(ਜੈਕਾਰੇ ਅਤੇ ਨਾਅਰਿਆਂ ਦਾ ਰੌਲਾ ਪੈਂਦਾ ਹੈ, ਜਦੋਂ ਗ਼ਦਰੀ ਸੂਰਮਾ ਦਾਖ਼ਲ ਹੁੰਦਾ ਹੈ।)*

ਗ਼ਦਰੀ :

ਤੁਸੀਂ ਦੀਨ ਈਮਾਨ ਦੇ ਪਏ ਪਿੱਛੇ,
ਫ਼ਿਕਰ ਤੁਸਾਂ ਨੂੰ ਗਿਆਨ ਧਿਆਨ ਵਾਲੇ।
ਆਪਸ ਵਿਚ ਲੜਨਾ ਮੰਦਾ ਕੰਮ ਫੜਿਆ,
ਝਗੜੇ ਝਗੜ ਹਿੰਦੂ ਮੁਸਲਮਾਨ ਵਾਲੇ।

ਹੀਰਾ ਹਿੰਦ  ਹੀਰਾ ਖਾਕ ਰੋਲ ਦਿੱਤਾ,
ਰੋਲੇ ਘੱਤ ਕੇ ਵੇਦ ਕੁਰਾਨ ਵਾਲੇ।
ਗਾਂਈਂ ਸੂਰ ਝਟਕਾ ਜੇਕਰ ਦੁੱਖ ਦੇਂਦਾ,
ਗੋਰੇ ਹੈਨ ਤਿੰਨੇ ਚੀਜ਼ਾਂ ਖਾਣ ਵਾਲੇ।

*(ਜਦੋਂ ਗਦਰੀ ਬਾਬਾ ਇਹ ਸੁਨੇਹਾ ਦੇ ਰਿਹਾ ਹੁੰਦਾ ਹੈ ਤਾਂ ਇਕ ਸਿਪਾਹੀ ਉਸਨੂੰ ਪਕੜ ਕੇ ਲੇ ਜਾਂਦਾ ਹੈ।ਹਿੰਦੂ, ਸਿੱਖ, ਮੁਸਲਮਾਨ ਘਬਰਾਉਂਦੇ ਹਨ।ਅੰਗਰੇਜ਼ ਸਟੇਜ 'ਤੇ ਆਉਂਦਾ ਹੈ।)*

ਅੰਗਰੇਜ਼ : ਇਹ ਲੋਕ ਗ਼ੁਲਾਮ ਨੇ ਮੇਰੇ,
ਇਹ ਨੇ ਸਿੱਖ, ਇਹ ਹਿੰਦੂ, ਇਹ ਨੇ ਮੁਸਲਮਾਨ।
ਇਨ੍ਹਾਂ ਨੂੰ ਲੜਾਉਂਦਾ ਮੈਂ, ਤਾਂਹੀਓਂ ਰਾਜ ਚਲਾਉਂਦਾ ਮੈਂ।
ਪਰ ਇਹ ਕੌਣ ਸੀ, ਜੋ ਸੁਤਿਆਂ ਨੂੰ ਜਗਾਣਾ ਚਾਹੇ।
ਹਨੇਰਿਆਂ ਨੂੰ ਰੁਸ਼ਨਾਣਾ ਚਾਹੇ।
ਪੇਸ਼ ਕਰੋ, ਪੇਸ਼ ਕਰੋ, ਪੇਸ਼ ਕਰੋ।

*(ਸਿਪਾਹੀ ਗ਼ਦਰੀ ਨੂੰ ਲੈ ਕੇ ਆਉਂਦਾ ਹੈ।)*

ਅੰਗਰੇਜ਼ : (ਉਸਨੂੰ ਉਤੇ ਥੱਲੇ ਵੇਖ ਕੇ) ਜਾਨਦਾਂ ਏ ਕੀ ਦੋਸ਼ ਹੈ ਤੇਰਾ ?
ਗ਼ਦਰੀ : ਜਾਣਦਾ ਹਾਂ, ਜਾਣਦਾ ਹਾਂ।
ਅੰਗਰੇਜ਼ : ਸੁਤਿਆਂ ਤੇ ਜਗਾਣਾ ਚਾਹਵੇਂ–
ਹਨੇਰਿਆਂ ਨੂੰ ਰੁਸ਼ਨਾਣਾ ਚਾਹਵੇਂ।
ਇਹ ਦੋਸ਼ ਹੈ ਤੇਰਾ, ਇਹ ਦੋਸ਼ ਹੈ ਤੇਰਾ।
ਗ਼ਦਰੀ : ਸੁਤਿਆਂ ਨੂੰ ਜਗਾਣਾ ਚਾਹਵਾਂ।
ਹਨੇਰਿਆਂ ਨੂੰ ਰੁਸ਼ਨਾਣਾ ਚਾਹਵਾਂ।
ਇਹ ਫ਼ਰਜ਼ ਹੈ ਮੇਰਾ, ਇਹ ਫ਼ਰਜ਼ ਹੈ ਮੇਰਾ।
ਅੰਗਰੇਜ਼ : ਜਾਣਦਾ ਏ ਕੀ ਸਜ਼ਾ ਏ ਤੇਰੀ ?
ਗ਼ਦਰੀ : ਜਾਣਦਾ ਹਾਂ, ਜਾਣਦਾ ਹਾਂ।
ਅੰਗਰੇਜ਼ : ਮੌਤ ਮੌਤ।
ਗ਼ਦਰੀ : ਮੌਤ ਤੋਂ ਨਾ ਡਰਦੇ ਸੂਰਮੇ।
ਮੌਤ ਨੂੰ ਵਿਆਹੁੰਦੇ ਸੂਰਮੇ।

*(ਅੰਗਰੇਜ਼ ਗ਼ਦਰੀ ਦੇ ਚਪੇੜ ਮਾਰਦਾ ਹੈ।ਗ਼ਦਰ ਉਸਦੇ ਮੂੰਹ 'ਤੇ ਥੁੱਕਦਾ ਹੈ।)*

ਅੰਗਰੇਜ਼ : ਲੈ ਜਾਓ, ਇਹਨੂੰ, ਏਸ ਸਿਰ  ਦੀ ਲੋੜ ਨਹੀਂ ਏਥੇ।

*(ਸਿਪਾਹੀ ਗ਼ਦਰੀ ਨੂੰ ਲੈ ਜਾਂਦਾ ਹੈ। ਤਿੰਨਾਂ ਵਿਚ ਜਾਗ੍ਰਿਤੀ ਆਉਂਦੀ ਹੈ)*

ਤਿੰਨੇ : (ਇਕੱਠੇ) ਨਹੀਂ ਏਸ ਸਿਰ ਦੀ ਲੋੜ ਹੈ ਏਥੇ,
ਤੇਰੇ ਸਿਰ ਦੀ ਲੋੜ ਨਹੀਂ।
ਇਹਦੇ ਸਿਰ ਦੀ ਲੋੜ ਹੈ ਇਥੇ,
ਤੇਰੇ ਸਿਰ ਦੀ ਲੋੜ ਨਹੀਂ।

*(ਇਹ ਕਹਿੰਦੇ ਹੋਏ ਅੰਗਰੇਜ਼ ਨੂੰ ਬਾਹਰ ਕੱਢਦੇ ਹਨ ਤੇ ਇਸ ਤਰ੍ਹਾਂ ਆਪ ਵੀ ਉਹਦੇ ਮਗਰ ਜਾਂਦੇ ਹਨ।)*

ਕੋਰਸ : (ਮੰਚ 'ਤੇ)

ਸ਼ਮਾਂ ਏ ਆਜ਼ਾਦੀ ਫਿਰ ਭਾਂਬੜ ਬਣ ਕੇ ਬਲ ਪਈ।
ਹਨੇਰੇ ਪਸਰੇ ਘਰਾਂ ਵਿਚ ਇਹ ਚਿੱਟਾ ਚਾਨਣ ਕਰ ਗਈ।
ਇਹ ਕੀ ਭਾਣਾ ਵਰਤਿਆ, ਗੋਰੀ ਸਰਕਾਰ ਵੀ ਕੰਬ ਗਈ।
ਤਾਰਾਂ ਖੜਕੀਆਂ ਵਲੈਤ ਨੂੰ, ਕਿ ਜਿੱਤੀ ਬਾਜ਼ੀ ਹਰ ਗਈ।

ਹੁਕਮ ਆਇਆ ਸਭ ਭੁੰਨ ਦੇਵੋ,
ਇਹ ਹਵਾ ਜੋ ਨਵੀਂ ਵਗ ਗਈ।
ਬਹਿ ਜਾਣਗੇ ਹੁਣ ਝੱਗ ਵਾਂਗ,
ਜੇ ਗੋਲੀ ਇਕ ਵਾਰ ਚਲ ਗਈ।
ਜਲ੍ਹਿਆਂ ਵਾਲਾ ਬਾਗ ਰੜਕਦਾ,
ਮਸ਼ਾਲ ਏਕਤਾ ਦੀ ਜਿਥੇ ਜਗ ਪਈ।
ਲਹੂ ਲੁਹਾਨ ਕੀਤਾ ਡਾਇਰ ਨੇ,
ਹਨ੍ਹੇਰੀ ਅੰਨ੍ਹੇ ਜਬਰ ਦੀ ਚਲ ਗਈ।
ਖ਼ੂਨ ਡੁਲ੍ਹਿਆ ਵੇਖ ਨਿਹੱਥਿਆਂ ਦਾ,
ਹਾਹਾਕਾਰ ਜੱਗ ਵਿਚ ਮੱਚ ਗਈ।
ਫੜ ਮਾਰਦਾ ਸੀ ਜੋ ਸਭਿਆਚਾਰ ਦੀ,
ਇਨਸਾਨੀਅਤ ਅੰਗਰੇਜ਼ ਦੀ ਹੈ ਮਰ ਗਈ।

*(ਜਲ੍ਹਿਆਂ ਵਾਲੇ ਬਾਗ ਦੇ ਜ਼ੁਲਮ ਦਾ ਸੀਨ ਮੂਕ ਐਕਸ਼ਨ ਵਿਚ)*

ਸੂਤਰਧਾਰ : (ਮੰਚ 'ਤੇ)

ਐਪਰ ਦੱਬਿਆ ਕਦੇ ਨਾ ਦੱਬਦੇ, ਜੋ ਉਭਰਨਾ ਨੇ ਜਾਣਦੇ।
ਅੰਨ੍ਹੇ ਹਾਕਮ ਭੁੱਲ ਗਏ, ਸਬਕ ਇਹ ਇਤਿਹਾਸ ਦੇ।
ਗ਼ਦਰਾਂ ਦੇ ਬਾਅਦ ਫੇਰ ਗਰਜੇ, ਸ਼ੇਰ ਬੱਬਰ ਪੁੱਤ ਪੰਜਾਬ ਦੇ।
ਲੈਣਾ ਬਦਲਾ ਡੁਲ੍ਹੇ ਲਹੂ ਦਾ, ਹਰ ਥਾਂ ਉਹ ਏਲਾਨ ਦੇ।
ਨਾਲ ਫਰੰਗੀਆਂ ਦੇ ਟਾਊਟ ਵੀ ਲੈਣੇ
ਦੁਸ਼ਮਣ ਉਹ ਪਛਾਣਦੇ।

*(ਸੂਤਰਧਾਰ ਬਾਹਰ ਜਾਂਦਾ ਹੈ, ਜੈਲਦਾਰ ਆਉਂਦਾ ਹੈ।)*

ਜੈਲਦਾਰ : ਮੈਂ ਹਾਂ ਰਾਣੀਪੁਰ ਦਾ ਜੈਲਦਾਰ,
ਇਲਾਕੇ ਦਾ ਹਾਂ ਇੱਜ਼ਤਦਾਰ,
ਅੰਗਰੇਜ਼ ਦਾ ਹਾਂ ਵਫ਼ਾਦਾਰ।
ਮੈਂ ਹਾਂ ਰਾਣੀਪੁਰ ਦਾ ਜੈਲਦਾਰ,
ਹਰ ਗੱਲ ਦੀ ਮੈਂ ਸੂਹ ਹਾਂ ਰੱਖਦਾ,
ਸਰਕਾਰ ਹੈ ਚਲਦੀ ਮੇਰੇ ਦਮ।
ਮੁਰੱਬੇ ਜਗੀਰਾਂ ਦਾ ਹਾਂ ਮਾਲਕ,
ਸਰਕਾਰ ਦਾ ਹਾਂ ਮੈਂ ਵੱਡਾ ਥੰਮ।
ਚਿੱਟੀ ਪਗੜੀ ਸਿਰ 'ਤੇ ਰੱਖਦਾ,
ਟਾਊਟੀ ਕਰਨਾ ਮੇਰਾ ਕੰਮ।
ਝੋਲੀ ਚੱਕਣੀ ਹੈ ਮੇਰਾ ਪੇਸ਼ਾ,
ਲੋਕੀਂ ਆਖਣ ਮੈਨੂੰ ਜੰਮ।
ਮੈਨੂੰ ਨਹੀਂ ਪਰ ਇਹਦਾ ਗ਼ਮ।
ਮੈਨੂੰ ਪਿਆਰਾ ਆਪਣਾ ਚੰਮ।
ਕੁਝ ਭੂਤਰੇ ਬੱਬਰ ਅਕਾਲੀ,
ਐਵੇਂ ਰੌਲਾ ਪਾ ਰਹੇ ਨੇ।
ਇਹ ਨਾ ਜਾਣਨ ਗਰੇਜ ਦੀ ਤਾਕਤ,
ਮੱਥਾ ਕੰਧਾਂ ਨਾਲ ਲਗਾ ਰਹੇ ਨੇ।
ਹੋ ਕੇ ਜਾਤ ਦੀ ਕੋਹੜ ਕਿਰਲੀ,
ਜੱਫ਼ੇ ਸ਼ਤੀਰਾਂ ਨੂੰ ਪਾ ਰਹੇ ਨੇ।
ਜਿਸਨੇ ਸਾਡੀ ਭੰਡੀ ਕੀਤੀ,
ਪਿਛੋਂ ਤਾਂ ਪਛਤਾਇਆ ਉਹ।
ਜਿਹੜਾ ਮਾਰੇ ਜੈਲਦਾਰ ਨੂੰ,
ਅਜੇ ਨਹੀਂ ਮਾਂ ਨੇ ਜਾਇਆ ਉਹ।

*(ਆਕੜ ਕੇ ਤੁਰ ਰਿਹਾ ਹੈ, ਜਦੋਂ ਬੱਬਰ ਆਉਂਦੇ ਹਨ।)*

ਜੈਲਦਾਰ : ਕੌਣ ਏ ਬਈ ਸਰਦਾਰਾ ?

ਬੱਬਰ : ਤੇਰੇ ਪਿਉ ਨੇ ਜੈਲਦਾਰਾ।

ਜੈਲਦਾਰ : ਕੀ ਚਾਹੁੰਦੇ ਹੋ ਸਰਦਾਰਾ ?

ਬੱਬਰ : ਪੁੱਤ ਲਈ ਇਨਾਮ ਲਿਆਏ ਹਾਂ।
ਜਗੀਰਾਂ ਦੇ ਅਸ਼ਟਾਮ ਲਿਆਏ ਹਾਂ।
ਤਗਮੇ ਖ਼ਾਸ ਅੁਲ ਆਮ ਲਿਆਏ ਹਾਂ।

ਜ਼ੈਲਦਾਰਾ, ਤੇਰੀ ਮੌਤ ਦਾ ਪੈਗ਼ਾਮ ਲਿਆਏ ਹਾਂ।

ਜੈਲਦਾਰ : ਕੁਝ ਹੋਸ਼ ਕਰੋ ਸਰਦਾਰਾ, ਨਹੀਂ ਮਜ਼ਾਕ ਮੈਨੂੰ ਇਹ ਭਾਉਂਦੇ ਨੇ।

ਬੱਬਰ : ਹੋਕੇ ਰਹਿੰਦੇ ਕੰਮ ਜੋ ਸਮੇਂ ਨੂੰ ਭਾਉਂਦੇ ਨੇ।
ਜੈਲਦਾਰ ਸੰਭਲ ਹੁਣ, ਬੱਬਰ ਅਕਾਲੀ ਆਉਂਦੇ ਨੇ-

ਜੈਲਦਾਰ : ਬੱਬਰ ਅਕਾਲੀ ?

ਬੱਬਰ : ਹਾਂ-ਹਾਂ ਬੱਬਰ ਅਕਾਲੀ।
ਜਿਨ੍ਹਾਂ ਦੀ ਮੌਤ ਨਾਲ ਭਿਆਲੀ।
ਕਰਨਾ ਹਿੰਦ ਗੋਰੇ ਤੋਂ ਖ਼ਾਲੀ।
ਜਿਨ੍ਹਾਂ ਨੇ ਸੌਂਹ ਇਹ ਚੁਕਾਲੀ।
ਝੋਲੀ ਚੁੱਕ ਪਾਰ ਬੁਲਾਉਂਦੇ ਨੇ।
ਜ਼ੈਲਦਾਰ ਸੰਭਲ ਹੁਣ ਬੱਬਰ ਅਕਾਲੀ ਆਉਂਦੇ ਨੇ।

*(ਬੱਬਰ ਉਹਨੂੰ ਕ੍ਰਿਪਾਨਾਂ ਮਾਰਦਾ ਹੈ, ਪਿੱਛੋਂ ਆਵਾਜ਼ਾਂ ਆਉਂਦੀਆਂ ਹਨ। ਜ਼ੈਲਦਾਰ ਜੀ, ਮੁਰੱਬੇ ਮਿਲਣਗੇ, ਜਗੀਰਾਂ ਮਿਲਣਗੀਆਂ ?)*

ਜੈਲਦਾਰ : (ਡਿੱਗਦੇ ਡਿਗਦੇ) ਹਾਂ ਹਾਂ ਮੈਨੂੰ ਮੁਰੱਬੇ ਮਿਲਣੇ ਹੀ ਚਾਹੀਦੇ ਨੇ, ਮੈਂ ਅੰਗਰੇਜ਼ ਸਰਕਾਰ ਨਾਲ ਵਫਾਦਾਰੀ ਕੀਤੀ ਹੈ- ਮੈਂ ਆਇਆ ਸਾਹਿਬ ਜੀ।

*(ਇਸੇ ਤਰ੍ਹਾਂ, ਡਿਗਦਾ ਡਿਗਦਾ ਬਾਹਰ ਜਾਂਦਾ ਹੈ।)*

ਸੂਤਰਧਾਰ : ਬੱਬਰਾਂ ਤੋਂ ਬਾਅਦ, ਵਾਰੀ ਭਗਤ ਸਿੰਘ ਹੋਰਾਂ ਦੀ ਆਈ।
ਸ਼ਮਾਂ ਇਨਕਲਾਬ ਦੀ, ਉਨ੍ਹਾਂ ਜਾਨਾਂ ਦੇ ਕੇ ਜਗਾਈ।

ਕੋਰਸ : ਵੱਧ ਰਿਹਾ ਹੈ ਕਾਫ਼ਲਾ, ਇਹ ਕਾਫ਼ਲਾ ਝੁਕਣਾ ਨਹੀਂ।
ਵਧਦਾ ਵੇਖ ਲੋਕਾਂ ਦਾ ਰੋਹ, ਸਾਈਮਨ ਟੋਲੀ ਭੇਜੀ ਗਈ।
ਕੁਝ ਹੱਕ ਦੇਣ ਲਈ ਹਿੰਦੀਆਂ ਨੂੰ, ਚਾਲ ਇਹ ਖੇਡੀ ਗਈ।
ਪਰ ਝੂਠ ਦੀ ਇਸ ਕੰਧ ਤੋਂ, ਇਹ ਕਾਫ਼ਲਾ ਰੁਕਣਾ ਨਹੀਂ।
ਜਬਰ ਅੱਗੇ ਯੋਧਿਆਂ ਦੇ, ਸਬਰ ਨੇ ਝੁਕਣਾ ਨਹੀਂ।
ਸਾਈਮਨ ਕਮਿਸ਼ਨ ਗੋ ਬੈਕ, ਸਨ ਲੋਕਾਂ ਨਾਅਰੇ ਲਾਏ।
ਲਾਜਪਤ ਜਿਹੇ ਦੇਸ਼ ਭਗਤ, ਨਾਲ ਲਾਠੀਆਂ ਮਾਰੇ ਗਏ।
ਪਰ ਉਠਿਆ ਰੋਹ ਲੋਕਾਂ ਵਿਚ ਉਸ ਰੋਹ ਨੇ ਮੁਕਣਾ ਨਹੀਂ।
ਜ਼ਬਰ ਅੱਗੇ ਯੋਧਿਆਂ ਦੇ, ਸਬਰ ਨੇ ਝੁਕਣਾ ਨਹੀਂ।
ਇਹ ਜ਼ੁਲਮ ਅੰਨ੍ਹਾ ਵੇਖ ਕੇ, ਭਗਤ ਸਿੰਘ ਲਲਕਾਰਿਆ।
ਮਾਰ ਕੇ ਲਾਜਪਤ ਗੋਰਿਆਂ, ਸਾਡੀ ਅਣਖ ਨੂੰ ਵੰਗਾਰਿਆ।
ਅਸੀਂ ਬਦਲਾ ਲੈਣਾ ਮੌਤ ਦਾ ਅਣਖ ਸਾਡੀ ਨੇ ਰੁਲਣਾ ਨਹੀਂ।

ਜਬਰ ਅੱਗੇ ਯੋਧਿਆਂ ਦੇ, ਸਬਰ ਨੇ ਝੁਕਣਾ ਨਹੀਂ।
ਪਹਿਰਾ ਵਧਾਇਆ ਗੋਰੇ ਨੇ, ਨਾ ਯੋਧਿਆਂ ਹੌਸਲਾ ਹਾਰਿਆ
ਚਿੱਟੇ ਦਿਨ ਦੇ ਚਾਨਣ ਵਿਚ ਉਨ੍ਹਾਂ ਸਾਂਡਰਸ ਸੀ ਮਾਰਿਆ।
ਜੋ ਅੱਗ ਸੀਨੇ ਵਿਚ ਧੁਖਦੀ, ਉਸ ਅੱਗ ਨੇ ਬੁਝਣਾ ਨਹੀਂ।
ਜਬਰ ਅੱਗੇ ਯੋਧਿਆਂ ਦੇ, ਸਬਰ ਨੇ ਝੁਕਣਾ ਨਹੀਂ।
ਹਿੱਲੀ ਦਿੱਲੀ, ਗਾਂਧੀ ਵੀ ਹਿੱਲਿਆ
ਮੁੰਡੇ ਨਾਦਾਨ ਨੇ ਉਸ ਆਖਿਆ।
ਨਾਦਾਨਗੀ ਦੇ ਵਿਚ ਹੀ, ਹਿੰਸਾ ਵਾਲੀ ਬੋਲਣ ਭਾਖਿਆ।
ਪਰ ਨੌਜਵਾਨਾਂ ਨੇ ਆਖਿਆ, ਇਸ ਰਾਹ ਤੋਂ ਮੁੜਨਾ ਨਹੀਂ।
ਜ਼ਬਰ ਅੱਗੇ, ਯੋਧਿਆਂ ਦੇ ਸਬਰ ਨੇ ਝੁਕਣਾ ਨਹੀਂ।

*(ਵਧ ਰਿਹਾ ਕਾਫ਼ਲਾ)*

*(Still)*

ਤੇਜ਼ ਲੈਅ : ਕਾਫ਼ਲਾ ਚਲਦਾ ਰਿਹਾ, ਜਬਰ ਵੀ ਵਧਦਾ ਗਿਆ।
ਗੋਰੇ ਲਿਆਂਦਾ ਸੇਫਟੀ ਬਿੱਲ, ਕੀਤੀ ਰਤਾ ਨਾ ਉਸਨੇ ਢਿੱਲ।
ਭਗਤ ਸਿੰਘ ਤੇ ਸਾਥੀਆਂ, ਸਹੁੰਆਂ ਫਿਰ ਕੁਝ ਖਾਧੀਆਂ।
ਅਸੈਂਬਲੀ ਵਿਚ ਉਨ੍ਹਾਂ ਸੁੱਟਿਆ ਬੰਬ।
ਹਿੱਲ ਗਏ ਸਾਮਰਾਜ ਦੇ ਥੰਮ।
ਫੜ ਲਓ ਕਿਧਰੇ ਜਾਣ ਨਾ ਨੱਸ।
ਗੋਰੇ ਕਿਹਾ ਫੇਰ ਮੁੱਠੀਆਂ ਕੱਸ।
ਨੱਸਦੇ ਨਹੀਂ ਤੁਹਾਨੂੰ ਦੇਈਏ ਦੱਸ,
ਜਵਾਨਾਂ ਫਿਰ ਕਿਹਾ ਅੱਗੋਂ ਹੱਸ।
ਅਸੀਂ ਹੋਣਾ ਹੈ ਗ੍ਰਿਫ਼ਤਾਰ।
ਇਹ ਸਾਡੀ ਜਿੱਤ ਹੈ ਤੁਹਾਡੀ ਹਾਰ।
ਕਚੈਹਰੀ ਵਿਚ ਦਿਆਂਗੇ ਬਿਆਨ।
ਜੰਤਾ ਦਾ ਖਿੱਚਾਂਗੇ ਧਿਆਨ।
ਨਾਅਰੇ ਇਨਕਲਾਬ ਦੇ ਲਾ ਕੇ, ਸੁੱਤਿਆਂ ਨੂੰ ਜਗਾਵਾਂਗੇ।
ਕਦਮ ਨਾਲ ਕਦਮ ਮਿਲਾ ਕੇ, ਅੱਗੇ ਹੀ ਵਧਦੇ ਜਾਵਾਂਗੇ।

*(ਨੋਟ : ਕੋਰਸ ਬਾਹਰ ਜਾਂਦਾ ਹੈ, ਓਨੀ ਦੇਰ ਵਿਚ ਪਿਛੋਂ ਕੋਰਟ ਦੇ ਸੀਨ ਦੀ ਤਿਆਰੀ ਹੋ ਜਾਂਦੀ ਹੈ।)*

*(ਕੋਰਟ ਸੀਨ)*

ਪਾਤਰ : ਜੱਜ, ਵਕੀਲ, ਭਗਤ ਸਿੰਘ

ਜੱਜ : ਵੇਖੋ ਇਹ ਅਦਾਲਤ ਏ।

ਵਕੀਲ : ਤੇ ਤੁਸੀਂ ਮੰਨਦੇ ਹੋ, ਇਹ ਬੰਬ ਤੁਸੀਂ ਸੁੱਟਿਆ?

ਭਗਤ ਸਿੰਘ : ਅਸੀਂ ਕਦੀ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ।

ਵਕੀਲ : ਮੈਂ ਤੁਹਾਥੋਂ ਇਹ ਸਵਾਲ ਪੁੱਛਦਾ ਹਾਂ ਕਿ ਤੁਸੀਂ ਇਹ ਬੰਬ ਕਿਉਂ ਸੁੱਟਿਆ?

ਭਗਤ ਸਿੰਘ : ਤੇ ਮੈਂ ਇਕ ਸਵਾਲ ਤੁਹਾਡੇ ਉਤੇ ਕਰਦਾ ਹਾਂ।

ਵਕੀਲ : ਮੇਰੇ 'ਤੇ?

ਭਗਤ ਸਿੰਘ : ਹਾਂ, ਕਿ ਇਹ ਬੰਬ ਕਿਉਂ ਨਾ ਸੁੱਟਿਆ ਜਾਂਦਾ?

ਵਕੀਲ : ਕੀ ਮਤਲਬ?

ਭਗਤ ਸਿੰਘ : ਵਕੀਲ ਸਾਹਿਬ, ਕਿਸੇ ਚੀਜ਼ 'ਤੇ ਬੰਬ ਕਿਉਂ ਸੁੱਟਿਆ ਜਾਂਦਾ ਹੈ?

ਵਕੀਲ : ਉਸਨੂੰ ਖ਼ਤਮ ਕਰਨ ਲਈ , ਤਬਾਹ ਕਰਨ ਲਈ।

ਭਗਤ ਸਿੰਘ : ਤੇ ਇਹ ਬੰਬ ਅਸੀਂ ਸੁੱਟਿਆ ਏ ਏਸ ਪ੍ਰਬੰਧ ਨੂੰ ਖ਼ਤਮ ਕਰਨ ਲਈ, ਤਬਾਹ ਕਰਨ ਲਈ।

ਵਕੀਲ : ਕਿਹੜਾ ਪ੍ਰਬੰਧ?

ਭਗਤ ਸਿੰਘ : ਉਹ ਪ੍ਰਬੰਧ ਵਕੀਲ ਸਾਹਿਬ, ਜਿਸਦੇ ਵਿਚ ਸੱਤ ਸਮੁੰਦਰੋਂ ਪਾਰ ਆਏ ਕੁਝ ਸਾਡੀਆਂ ਤਕਦੀਰਾਂ ਦੇ ਮਾਲਕ ਬਣੀ ਬੈਠੇ ਨੇ, ਉਹ ਪ੍ਰਬੰਧ ਜਿਸ ਵਿਚ ਜੋ ਮੇਹਨਤ ਕਰਦੈ, ਉਹ ਭੁੱਖਾ ਮਰਦੈ, ਉਹ ਪ੍ਰਬੰਧ ਜਿਸ ਵਿਚ ਜੋ ਕੁਝ ਨਹੀਂ ਕਰਦਾ ਵਿਹਲਾ ਰਹਿੰਦਾ ਏ, ਉਹ ਜ਼ਿੰਦਗੀ ਦੀਆਂ ਸਾਰੀਆਂ ਨਿਆਮਤਾਂ ਦਾ ਮਾਲਕ ਏ ਵਕੀਲ ਸਾਹਿਬ ਐਸੇ ਪ੍ਰਬੰਧ 'ਤੇ ਬੰਬ ਕਿਉਂ ਨਾ ਸੁੱਟਿਆ ਜਾਵੇ।

ਵਕੀਲ : ਤੁਸੀਂ ਆਪਣੇ ਬਾਰੇ ਲੋਕਾਂ ਦੀ ਰਾਏ ਪੜ੍ਹੀ ਐ?

ਭਗਤ ਸਿੰਘ : ਹਾਂ, ਪੜ੍ਹੀ ਐ।

ਵਕੀਲ : ਦੀਵਾਨ ਚਮਲ ਲਾਲ ਨੇ ਆਖਿਆ ਹੈ ਕਿ ਤੁਸੀਂ ਬੁਜ਼ਦਿਲ ਹੋ, ਤੁਸੀਂ ਕਾਇਰਾਂ ਵਾਂਗ ਹਮਲਾ ਕੀਤਾ।

ਭਗਤ ਸਿੰਘ : ਹਾਂ, ਅਸੀਂ ਬੁਜ਼ਦਿਲ ਹਾਂ, ਸਿਰਫ਼ ਅਖ਼ਬਾਰਾਂ ਵਿਚ ਬਿਆਨ ਦੇਣ ਵਾਲੇ ਸੂਰਮੇ ਨਹੀਂ ਆਂ।

ਵਕੀਲ : ਉਨ੍ਹਾਂ ਆਖਿਐ ਕਿ ਤੁਸੀਂ ਬੰਬ ਸੁੱਟ ਕੇ ਦੇਸ਼ ਦੇ ਨਾਂ ਨੂੰ ਧੱਬਾ ਲਾਇਐ।

ਭਗਤ ਸਿੰਘ : ਤੇ ਨਾਂ, ਉਹ ਅੰਗਰੇਜ਼ ਦੇ ਬੂਟ ਚੱਟ ਕੇ ਦੇਸ਼ ਦੇ ਨਾਂ ਨੂੰ ਚਾਰ ਚੰਨ ਲਗਾ ਰਹੇ ਨੇ?

ਵਕੀਲ : ਲਾਹੌਰ ਦੇ ਟ੍ਰਿਬਊਨ ਅਖ਼ਬਾਰ ਨੇ ਆਖਿਐ ਕਿ ਤੁਸੀਂ ਸ਼ੁਦਾਈਆਂ ਦਾ ਇਕ ਟੋਲਾ ਹੋ।

ਭਗਤ ਸਿੰਘ : ਹਾਂ ਵਕੀਲ ਸਾਹਿਬ ਅਸੀਂ ਸ਼ੁਦਾਈ ਹਾਂ ਕਿਉਂਕਿ ਅਸੀਂ ਆਜ਼ਾਦੀ

ਦੀ ਲੜਾਈ ਸਿਰਫ਼ ਬਿਆਨ ਦੇ ਕੇ ਲੜਨ ਵਿਚ ਯਕੀਨ ਨਹੀਂ ਕਰਦੇ–ਅਸੀਂ ਯਕੀਨ ਰਖਦੇ ਹਾਂ ਅਮਲ ਵਿਚ, ਅਸੀਂ ਸ਼ੁਦਾਈ ਹਾਂ ਕਿਉਂਕਿ ਅਸੀਂ ਹਰ ਅਪਮਾਨ ਦਾ ਬਦਲਾ ਲੈਣਾ ਜਾਣਦੇ ਹਾਂ।

ਵਕੀਲ : ਕਿਹੜਾ ਅਪਮਾਨ ?

ਭਗਤ ਸਿੰਘ : ਪੂਰੀ ਕੌਮ ਵੱਲੋਂ ਸਤਕਾਰੇ ਜਾਣ ਵਾਲੇ ਲਾਲਾ ਲਾਜਪਤ ਰਾਏ ਜੀ ਦਾ ਇਕ ਮਾਮੂਲੀ ਪੁਲਿਸ ਅਫ਼ਸਰ ਹਥੋਂ ਮਾਰਿਆ ਜਾਣਾ ਕੀ ਸਾਰੀ ਕੌਮ ਦਾ ਘੋਰ ਅਪਮਾਨ ਨਹੀਂ ਸੀ ? ਤੇ ਸਾਡਾ ਨੌਜਵਾਨਾਂ ਦਾ ਫਰਜ਼ ਬਣਦਾ ਸੀ ਕਿ ਇਸ ਦਾਗ਼ ਨੂੰ ਧੋਈਏ, ਜੇ ਤੁਹਾਡੇ ਦੀਵਾਨ ਚਮਨ ਲਾਲ ਸੁਣਦੇ ਹੋਣ ਤਾਂ ਉਨ੍ਹਾਂ ਨੂੰ ਦੱਸ ਦੇਣਾ ਕਿ ਅਸੀਂ ਦਾਗ਼ ਲਾਇਆ ਨਹੀਂ, ਦਾਗ਼ ਧੋਤਾ ਹੈ।

ਵਕੀਲ : ਤੁਸੀਂ ਲਾਲਾ ਜੀ ਦੀ ਫ਼ਿਲਾਸਫ਼ੀ ਨਾਲ ਸਹਿਮਤ ਨਹੀਂ, ਸੋ ਫਿਰ ਵੀ ਬੰਬ ਸੁੱਟਿਆ, ਸਾਂਡਰਸ ਦਾ ਕਤਲ ਕਿਉਂ ਕੀਤਾ ?

ਭਗਤ ਸਿੰਘ : ਇਹ ਠੀਕ ਹੈ ਕਿ ਅਸੀਂ ਲਾਲਾ ਜੀ ਦੀ ਫ਼ਿਲਾਸਫ਼ੀ ਨਾਲ ਸਹਿਮਤ ਨਹੀਂ ਸਾਂ, ਪਰ ਸਾਂਡਰਸ ਦਾ ਕਤਲ ਇਸ ਲਈ ਕੀਤਾ ਗਿਆ ਕਿ ਅਸੀਂ ਲਾਲਾ ਜੀ ਦੇ ਹਾਮੀ ਸਾਂ ਤੇ ਇਸ ਤੋਂ ਵੱਧ ਸਾਂਡਰਸ ਨਾਲ ਸਾਡੀ ਕੋਈ ਨਿੱਜੀ ਦੁਸ਼ਮਣੀ ਸੀ। ਲਾਲਾ ਜੀ ਦਾ ਕਤਲ ਸਾਡੀ ਅਣਖ ਨੂੰ ਚੈਲਿੰਜ ਸੀ, ਦੇਸ਼ ਦੀ ਅਣਖ ਨੂੰ ਚੈਲੰਜ ਸੀ। ਉਸ ਵੇਲੇ ਦੀਵਾਨ ਚਮਨ ਲਾਲ ਤੇ ਟ੍ਰਿਬਿਊਨ ਅਖ਼ਬਾਰ ਵਾਲੇ ਕਿਥੇ ਸਨ ? ਅਸੀਂ ਸ਼ੁਦਾਈ ਸਾਂ ਕਿਉਂਕਿ ਅਸੀਂ ਐਕਸ਼ਨ ਕੀਤਾ, ਉਹ ਸਿਆਣੇ ਹੋ ਗਏ ਕਿਉਂਕਿ ਉਨ੍ਹਾਂ ਸਿਰਫ਼ ਅਖ਼ਬਾਰਾਂ ਵਿਚ ਬਿਆਨ ਦਿੱਤੇ। ਅਸੀਂ ਸ਼ੁਦਾਈ ਹਾਂ ਤਾਂ ਹੀ ਤੁਹਾਡੇ ਸਾਹਮਣੇ ਕਟੈਹਰੇ ਵਿਚ ਖੜੇ ਹਾਂ ਤੇ ਉਹ ਸਿਆਣੇ ਆਪਣੇ ਟੱਬਰਾਂ ਵਿਚ ਬੈਠੇ ਚਾਹ ਪੀ ਰਹੇ ਹੋਣਗੇ। ਮੈਨੂੰ ਇਹ ਕਹਿਣ 'ਤੇ ਫ਼ਖ਼ਰ ਹੈ ਕਿ ਇਤਿਹਾਸ ਹਮੇਸ਼ਾਂ ਸ਼ੁਦਾਈਆਂ ਨੇ ਹੀ ਬਦਲਿਆ ਹੈ। ਮੈਂ ਫੇਰ ਉਸੇ ਗੱਲ ਵੱਲ ਆਉਂਦਾ ਹਾਂ ਕਿ ਐਸੇ ਪ੍ਰਬੰਧ 'ਤੇ ਬੰਬ ਕਿਉਂ ਨਾ ਸੁੱਟਿਆ ਜਾਂਦਾ। ਇਹ ਬੰਬ ਸੁੱਟਿਆ ਏ ਇਕ ਸਿਸਟਮ ਉੱਤੇ ਨਾ ਕਿ ਕਿਸੇ ਵਿਅਕਤੀ ਉੱਤੇ ਤਾਂ ਹੀ ਇਸ ਨਾਲ ਕਿਸੇ ਦੀ ਮੌਤ ਨਹੀਂ ਹੋਈ।

ਵਕੀਲ : ਇਹ ਤਾਂ ਰੱਬ ਨੇ ਅਸੈਂਬਲੀ ਵਿਚ ਬੈਠੇ ਲੋਕਾਂ ਨੂੰ ਹੱਥ ਦੇ ਕੇ ਬਚਾ ਲਿਆ, ਨਹੀਂ ਤਾਂ ਤੁਹਾਡੇ ਵੱਲੋਂ ਕੋਈ ਕਸਰ ਨਹੀਂ ਸੀ।

ਭਗਤ ਸਿੰਘ : ਸ਼ਾਇਦ ਤੁਸੀਂ ਇਹ ਹੀਂ ਜਾਣਦੇ ਕਿ ਜਿਹੜਾ ਬੰਬ ਅਸੈਂਬਲੀ ਵਿਚ ਸੁੱਟਿਆ ਗਿਆ ਉਸ ਵਿਚ ਕੋਈ ਛਰਾ ਨਹੀਂ ਸੀ। ਤੇ ਅਸੀਂ ਜੇ ਕਿਸੇ ਨੂੰ ਮਾਰਨਾ ਚਾਹੁੰਦੇ ਤਾਂ ਛਰਾ ਭਰ ਵੀ ਸਕਦੇ ਸਾਂ, ਫੇਰ ਵੇਖਦੇ

ਤੁਹਾਡਾ ਕਿਹੜਾ ਰੱਬ ਉਨ੍ਹਾਂ ਨੂੰ ਹੱਥ ਦੇ ਕੇ ਬਚਾ ਲੈਂਦਾ।

ਵਕੀਲ : ਜੇ ਬੰਬ ਤੁਸੀਂ ਕਿਸੇ ਨੂੰ ਮਾਰਨ ਲਈ ਨਹੀਂ ਸੁੱਟਿਆ ਤਾਂ ਮੈਂ ਪੁੱਛਦਾ ਹਾਂ, ਤੁਸੀਂ ਕਿਉਂ ਸੁੱਟਿਐ ?

ਭਗਤ ਸਿੰਘ : ਬੋਲਿਆਂ ਕੰਨਾਂ ਵਿਚ ਆਵਾਜ਼ ਪਹੁੰਚਾਉਣ ਲਈ।

ਵਕੀਲ : ਬੋਲੇ ਕੰਨ ?

ਭਗਤ ਸਿੰਘ : ਹਾਂ ਇਸ ਸਰਕਾਰ ਦੇ ਬੋਲੇ ਕੰਨ, ਜਿਹੜੀ ਸਮਝਦੀ ਏ ਸਾਡੇ ਉਪਰ ਜ਼ੁਲਮ ਕਰ ਕੇ ਸਾਡੇ ਅੰਦੋਲਨ ਨੂੰ ਰੋਕ ਲਾ ਸਕੇਗੀ। ਕੀ ਲਾਰਡਾਂ ਦੇ ਜ਼ੁਲਮ ਨੇ ਫ਼ਰਾਂਸ ਦੇ ਇਨਕਲਾਬ ਨੂੰ ਰੋਕ ਲਾ ਦਿੱਤੀ ਸੀ ? ਕੀ ਕਾਲ ਕੋਠੜੀਆਂ, ਸਾਏਬੇਰੀਆ ਦੀਆਂ ਖੰਦਰਾਂ ਰੂਸ ਦੇ ਇਨਕਲਾਬ ਦੀ ਜੋਤ ਬੁਝਾ ਸਕੀਆਂ ਸਨ ? ਨਹੀਂ ਤੇ ਤਸੀਂ ਕੀ ਸੋਚਦੇ ਹੋ ਕਿ ਸਾਡੇ ਉੱਤੇ ਇਹ ਸੇਫ਼ਟੀ ਐਕਟ ਲਗਾ ਕੇ, ਸਾਡੇ ਅੰਦੋਲਨ ਨੂੰ ਰੋਕ ਸਕੇਗੀ ?

ਵਕੀਲ : ਹਰ ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਉਹ ਸੇਫ਼ਟੀ ਐਕਟ ਬਣਾ ਕੇ ਲੋਕਾਂ ਨੂੰ ਚੇਤਾਵਨੀ ਦੇਂਦੀ ਰਹੇ ਤੇ ਬਦਅਮਨੀ ਤੋਂ ਦੇਸ਼ ਨੂੰ ਬਚਾਏ।

ਭਗਤ ਸਿੰਘ : ਦੇਸ਼ ਨੂੰ ਨਹੀਂ, ਆਪਣੇ ਆਪ ਨੂੰ। ਤੁਸੀਂ ਕਹਿੰਦੇ ਹੋ ਨਾ ਕਿ ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਲੋਕਾਂ ਨੂੰ ਚੇਤਾਵਨੀ ਦੇਵੇ ਤਾਂ ਹਰ ਇਨਕਲਾਬੀ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਵਾਰ ਵਾਰ ਬੰਬ ਸੁੱਟ ਕੇ ਸਰਕਾਰ ਨੂੰ ਚੇਤਾਵਨੀ ਦੇਂਦਾ ਰਹੇ ਕਿ ਉਹ ਹੁਣ ਬਹੁਤਾ ਚਿਰ ਨਹੀਂ ਰਹਿ ਸਕਦੀ।

ਵਕੀਲ : ਤੁਸੀਂ ਆਪਣੇ ਆਪ ਨੂੰ ਇਨਕਲਾਬੀ ਕਹਿੰਦੇ ਹੋ, ਇਨਕਲਾਬ ਨੂੰ ਆਪਣਾ ਮਕਸਦ ਕਹਿੰਦੇ ਹੋ। ਇਹ ਇਨਕਲਾਬ ਹੋਵੇਗਾ ਕੀ ? ਕੀ ਏਸ ਤਰ੍ਹਾਂ ਬੰਬ ਸੁੱਟ ਕੇ ਇਨਕਲਾਬ ਆ ਜਾਏਗਾ।

ਭਗਤ ਸਿੰਘ : ਵਕੀਲ ਸਾਹਿਬ ਜੇ ਤੁਸਾਂ ਪੁੱਛਿਆ ਈ ਹੈ ਤਾਂ ਇਸਦਾ ਜਵਾਬ ਪੂਰੇ ਵਿਸਥਾਰ ਨਾਲ ਦੇਵਾਂਗਾ ਤਾਂ ਕਿ ਮੇਰੇ ਦੇਸ਼ ਵਾਸੀ ਵੀ ਸੁਣ ਸਕਣ ਕਿ ਅਸੀਂ ਸਭ ਕੁਝ ਕਿਉਂ ਕੀਤਾ ? ਇਨਕਲਾਬ ਦਾ ਮਤਲਬ ਕਿਸੇ ਦੀ ਜਾਨ ਲੈਣਾ ਨਹੀਂ ਹੁੰਦਾ। ਇਨਕਲਾਬ ਵਿਚ ਕਿਸੇ ਨਾਲ ਦੁਸ਼ਮਣੀ ਨਹੀਂ ਹੁੰਦੀ। ਨਾ ਹੀ ਬੰਬ ਬੰਦੂਕਾਂ ਵਾਲਾ ਰਾਹ ਹੀ ਇਕੋ ਰਾਹ ਹੁੰਦਾ ਹੈ। ਇਨਕਲਾਬ ਦਾ ਮਤਲਬ ਹੈ ਐਸਾ ਨਿਜ਼ਾਮ ਖ਼ਤਮ ਕਰਨਾ ਜਿਸ ਵਿਚ ਕਿਸਾਨ ਲੋਕਾਂ ਲਈ ਅੰਨ ਪੈਦਾ ਕਰਦਾ ਹੈ ਪਰ ਆਪ ਭੁੱਖਾ ਸੌਂਦਾ ਏ, ਜਿਸ ਵਿਚ ਜੁਲਾਹਾ ਲੋਕਾਂ ਲਈ ਕਪੜਾ ਬੁਣਦਾ ਹੈ ਪਰ ਆਪ ਨੰਗਾ ਰਹਿੰਦਾ ਹੈ। ਇਕ ਮਜ਼ਦੂਰ ਇੱਟਾਂ ਢੋਅ

ਕੇ ਲੋਕਾਂ ਲਈ ਮਹਿਲ ਉਸਾਰਦਾ ਏ ਪਰ ਆਪਣੇ ਸਿਰ ’ਤੇ ਉਹਦੇ ਛੱਤ ਨਹੀਂ ਹੁੰਦੀ। ਐਸੇ ਨਿਜ਼ਾਮ ਨੂੰ ਤਬਾਹ ਕਰਕੇ ਇਹ ਅਨਿਆਂ ਖ਼ਤਮ ਕਰਕੇ ਨਿਆਂ ਵਾਲਾ ਸਮਾਜ ਬਨਾਉਣਾ ਹੀ ਇਨਕਲਾਬ ਕਹਿਲਾਉਂਦਾ ਹੈ।

ਵਕੀਲ : ਇਹ ਅਨਿਆਏ ਖ਼ਤਮ ਹੋਵੇ ਜਾਂ ਨਾ ਹੋਵੇ ਪਰ ਜਿਹੜਾ ਕਦਮ ਤੁਸੀਂ ਚੁਕਿਆ ਏ, ਤੁਹਾਨੂੰ ਜ਼ਰੂਰ ਖ਼ਤਮ ਕਰ ਦੇਵੇਗਾ।

ਭਗਤ ਸਿੰਘ : ਕੀ ਹੋਇਆ ਜੇ ਅਸੀਂ ਖ਼ਤਮ ਹੋ ਗਏ, ਆਪਣੇ ਆਦਰਸ਼ਾਂ ਦੀ ਪੂਰਤੀ ਲਈ ਅਸੀਂ ਹਰ ਦੁੱਖ ਨੂੰ ਜੀ ਆਇਆਂ ਆਖਾਂਗੇ। ਇਨਕਲਾਬ ਦੀ ਵੇਦੀ ਤੇ ਅਸੀਂ ਆਪਣੀ ਜਾਨ ਆਹੂਤੀ ਲਈ ਲੈ ਆਉਂਦੀ ਹੈ। ਇਸ ਮਹਾਨ ਕਾਜ ਲਈ ਕੋਈ ਵੀ ਕੁਰਬਾਨੀ ਵਡੇਰੀ ਨਹੀਂ। ਕੁਝ ਹੋਰ ਪੁੱਛਣਾ ਚਾਹੋਗੇ ?

ਵਕੀਲ : ਜੇ ਤੁਸੀਂ ਆਪਣਾ ਜ਼ੁਰਮ ਕਬੂਲ ਕਰਦੇ ਹੋ ਤਾਂ ਮੇਰੇ ਪੁੱਛਣ ਦੀ ਗੁੰਜਾਇਸ਼ ਕਿਥੇ ਰਹਿ ਜਾਂਦੀ ਹੈ।

ਭਗਤ ਸਿੰਘ : ਸ਼ੁਕਰੀਆ ਵਕੀਲ ਸਾਹਬ।

*(ਅਦਾਲਤ ਉੱਠਦੀ ਹੈ ਤੇ ਦੂਜੇ ਪਾਸੇ ਤੋਂ ਤਿੰਨੇ ਆਖ਼ਰੀ ਗੀਤ ਗਾਉਂਦੇ ਹਨ।)*

ਭੇਟ ਕਰੀਏ ਸਿਰ, ਇਹੋ ਸਧਰ ਅਸਾਡੇ ਦਿਲ ਦੀ ਹੈ।
ਪਰਖਣਾ ਹੈ ਜ਼ੋਰ ਕਿਤਨਾ ਤੇਗ ਵਿਚ ਕਾਤਿਲ ਦੀ ਹੈ।
ਆਉਣ ਦੇ ਵੇਲਾ ਵਿਖਾਵਾਂਗੇ, ਅਸੀਂ ਕੀ ਚੀਜ਼ ਹਾਂ।
ਕੀ ਹੁਣੇ ਦਸੀਏ ਕਿ ਕਿਹੜੀ ਗੱਲ ਅਸਾਡੇ ਦਿਲ ਦੀ ਹੈ।
ਐ ਥਲਾਂ ਨੂੰ ਪਾਉਣ ਵਾਲੇ, ਰਾਹ ਵਿਚ ਥੱਕ ਨਾ ਬਹੀਂ।
ਦੂਰ ਤੋਂ ਵੀ ਦੂਰ ਹੋਵੇ, ਭਾਲ ਉਸ ਮੰਜ਼ਿਲ ਦੀ ਹੈ।
ਹੁਣ ਨਾ ਪਿਛਲੇ ਵਲਵਲੇ, ਨਾ ਹੀ ਅਰਮਾਨਾਂ ਦੀ ਪੀੜ,
ਦੇਸ਼ ਖਾਤਿਰ ਮਰ ਮਿਟਣ ਦੀ, ਤਾਂਘ ਦੀ ਬਿਸਮਿਲ ਦੀ ਹੈ।

*(ਤੇ ਇਹ ਗੀਤ ਗਾਉਂਦੇ ਤਿੰਨੇ ਕਾਲੇ Mask ਪਾ ਲੈਂਦੇ ਹਨ।)*

*(ਸਮਾਪਤ)*